16970 G.

16970-G

16970-G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16970 G

ਸਭ ਹੱਕ ਰਾਖਵੇਂ ਹਨ।

ਸਿੱਖ ਨੈਸ਼ਨਲਏਜੰਸੀ ਅਮ੍ਰਿਤਸਰਵੱਲੋਂ ਪ੍ਰਕਾਸ਼ਤ ਪੁਸਤਕ ਨੰ:੬੧

## ਨਵਾਂ ਕਿੱਸਾ

# ਪੂਰਨ ਭਗਤ


ਕ੍ਰਿਤ ਕਵਿ

**ਬੇਲਾ ਸਿੰਘ**

ਸਕਨਾਂ ਪੱਤਿੜ ਕਲਾਂ, ਠਾਣਾਂ ਡਾਕਖਾਨਾ ਕਰਤਾਰ ਪੁਰ,
ਜ਼ਿਲਾ ਜਲੰਧਰ (ਪੰਜਾਬ)

ਪੇਸ਼ਾ-ਨੌਕਰੀ ਬੇਲਾ ਸਿੰਘ ਨੰਬ੍ਰ ੨੨੯੨ ਪੀ. ਸੀ.
ਐਂਡ ਸੀ. ਬੈਲਰ ਮੇਕਰ ਮਾਰਗਿਲ ਬਸਰਾ


ਹਾੜ੍ਹ ੧੯੭੬


ਪ੍ਰਕਾਸ਼ਕ !

**ਭਾਈ ਬੂਟਾ ਸਿੰਘ ਪ੍ਰਤਾਪ ਸਿੰਘ**

ਪੁਸਤਕਾਂ ਛਾਪਨ ਤੇ ਵੇਚਨ ਵਾਲੇ
ਮਾਲਕ ਸਿੱਖ ਨੈਸ਼ਨਲ ਏਜੰਸੀ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

'ਸ਼ਿਮਲਾ ਪ੍ਰਿੰਟਿੰਗ ਪ੍ਰੈਸ' ਹਾਲ ਬਜਾਰ ਅੰਮ੍ਰਿਤਸਰ ਵਿਚ
ਸ੍ਰੀ. ਮੋਹਨ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਜਾ।


ਮੁੱਲ. ਅੱਠ ਆਨੇ

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

## ਅਥ ਨਵਾਂ ਕਿੱਸਾ ਪੂਰਨ ਭਗਤ ਕਾ ਲਿਖ੍ਯਤੇ ॥

### ਕ੍ਰਿਤ ਕਵੀ ਬੇਲਾ ਸਿੰਘ

ਕਬਿੱਤ—ਇਕ ਓਮ ਬ੍ਰੱਹਮ ਕੋ ਨਿਮਸਕਾਰ ਬਾਰੰਬਾਰ ਸ੍ਰੀ ਗੁਰੂ ਨਾਨਕ ਗੋਬਿੰਦ ਹਰੀ ਬੰਦਨਾਂ।ਹੱਥ ਜੋੜ ਖੜਾ ਮੈਂ ਦੁਆਰੇ ਪਰਮਾਤਮਾਂ ਦੇ ਆਪ ਮਨਜ਼ੂਰ ਕਰੋ ਲੱਖ ਵਾਰੀ ਬੰਦਨਾਂ। ਤੂੰਹੀ ਤੂੰਹੀ ਦਿਸਦਾ ਜਹਾਨ ਮੇਂ ਬਰਾਜਮਾਨ ਤੂੰਹੀ ਤੂੰਹੀ ਦਾਤਾ ਮੈਂ ਭਿਖਾਰੀ ਕਰੀ ਬੰਦਨਾਂ। ਬੇਲਾ ਸਿੰਘ ਕਹੇ ਬੁੱਧ ਬਖਸ਼ਣੀ ਕਵੀਸ਼ਰੀ ਦੀ ਤੇਰੇ ਮੈਂ ਦੁਆਰੇ ਜੀ ਖੜੋਕੇ ਕਹੀ ਬੰਦਨਾਂ ॥ ੧ ॥ ਨਾਮ ਤੇਰਾ ਈਸ਼ਵਰ ਗੋਪਾਲ ਜੋ ਗੋਬਿੰਦ ਕਹੀਏ ਸਤਿ ਕਰਤਾਰ ਗੁਰੂ ਨਾਨਕ ਪੁਕਾਰਿਆ। ਨਾਮ ਹੈ ਬੇਅੰਤ ਤੇਰੇ ਗਿਣੇ ਨਹੀਂ ਜਾਣ ਮੈਥੋਂ ਸ੍ਰੀ ਜੋ ਅਕਾਲ ਪੁਰਖ ਤੈਨੂੰ ਕਿਹਾ ਸਾਰਿਆਂ। ਮੋਮਨ ਜ਼ਬਾਨ ਵਿਚ ਅੱਲਾ ਪਾਕ ਕੈਹਨ ਤੈਨੂੰ ਖੁਦਾਵੰਦ ਕਰੀਮ ਮੁਸਲਮਾਨੀ ਮੇਂ ਪੁਕਾਰਿਆ। ਮਾਈ ਗੋਡ ਨਾਮ ਤੇਰਾ ਲਿਖਿਆ ਅੰਜੀਲ ਵਿਚ ਬੇਲਾ ਸਿੰਘ ਕਹੇ ਇਕ ਦਾਤਾ ਜਾਤਾ ਸਾਰਿਆਂ ॥ ੨ ॥ ਆਨ ਅੰਧਘੋਰ ਸਮਾਂ ਕਲੂਕਾਲ ਬੀਤਦਾ ਹੈ ਧਰਮ ਦੇ ਵਰੁੱਧ ਪਾਪ ਲੱਗਾ ਭਾਰੀ ਹੋਣ ਜੀ। ਹਿੰਦ ਦੇ ਧਰਮ ਨੂੰ ਜੋ ਹੋਣ ਤਕਲੀਫ ਲਗੀ ਡੋਲਿਆ ਸਿੰਘਾਸਣ ਤੇ ਇੰਦ੍ਰ ਲੱਗਾ ਰੋਣ ਜੀ। ਹਿੰਦ ਦੇ ਧਰਮ ਨੂੰ ਜੋ ਦੁਖ ਦੇਣ ਤੁਰਕ ਭਾਰੀ ਜ਼ਾਰ ਜ਼ਾਰ ਹਿੰਦੂ ਲੋਗ ਢਾਹੀਂ ਮਾਰ ਰੋਣ ਜੀ। ਰੱਬ ਵਾਲੇ ਵਾਸਤੇ ਜੋ ਪੌਣ ਹਿੰਦੂ ਬੇਲਾ ਸਿੰਘਾ ਆਵੇ ਨਾਂ ਤਰਸ ਵਾਂਗ ਬੱਕਰੇ ਦੇ ਕੋਹਣ ਜੀ ॥ ੩ ॥ ਓਸ ਵੇਲੇ ਆਪ ਪ੍ਰਮਾਤਮਾਂ ਨੇ

---

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

ਧਿਆਨ ਕੀਤਾ ਡੋਲਿਆ ਧਰਮ ਧੌਲ ਅਰਜ਼ਾਂ ਕਰੇ ਆਣ ਕੇ। ਧਰਤ ਅਕਾਸ਼ ਤੇ ਪਤਾਲ ਇਕ ਹੋਣ ਲਗਾ ਟੁੱਟਦੇ ਨੇ ਤਾਰੇ ਦਿਨੇ ਸੂਰਜ ਲੁਕਿਆ ਜਾਣ ਕੇ। ਚੰਦ੍ਰਮਾਂ ਤੇ ਸੂਰਜ ਨਾ ਦੇਵਤੇ ਵਿਖਾਲੀ ਦੇਣ ਐਸਾ ਅੰਧਘੋਰ ਸਮਾ ਧੁੰਧ ਹੋਈ ਆਣ ਕੇ। ਪੈਗਿਆ ਅੰਧੇਰ ਸਾਰੇ ਜੱਗ ਵਿਚ ਖੇਲਾ ਸਿੰਘਾ ਫੇਰ ਪ੍ਰਮਾਤਮਾਂ ਨੇ ਖੇਲ ਰਚੀ ਆਣ ਕੇ। ॥ ੪ ॥ ਹੋਗਿਆ ਹੁਕਮ ਗੁਰੂ ਨਾਨਕ ਸਾਹਿਬ ਤਾਈਂ ਆਪ ਪ੍ਰਮਾਤਮਾਂ ਨੇ ਮੁਖ ਸੇ ਉਚਾਰਿਆ। ਜਾਓ ਮਾਤ ਲੋਕ ਵਿਚ ਨਾਨਕ ਜੀ ਤਪਾ ਤੁਸੀਂ ਹਿੰਦ ਧਰਮ ਰਖੋ ਬ੍ਰਹਮ ਚੇਤਨ ਪੁਕਾਰਿਆ। ਮਹਾਰਾਜ ਅਗੇ ਗੁਰੂ ਨਾਨਕ ਅਰਦਾਸ ਕਰੇ ਤੇਰਾ ਜੀ ਬਚਨ ਮੈਂ ਤਾਂ ਸਿਰ ਪੁਰ ਧਾਰਿਆ। ਹੱਥ ਜੋੜ ਆਰਤੀ ਜੋ ਕਰੀ ਪ੍ਰਮਾਤਮਾਂ ਦੀ ਤੂੰਹੀਂ ਤੂੰਹੀਂ ਤੂੰਹੀਖੇਲਾ ਸਿੰਘ ਨੇ ਪੁਕਾਰਿਆ ॥ ੫ ॥ ਸ੍ਰੀ ਗੁਰੂ ਨਾਨਕ ਸਾਹਿਬ ਜੱਗ ਜਦੋਂ ਆਏ ਜਗ ਵਿਚ ਆਣਕੇ ਧਰਮ ਬੂਟਾ ਲਾਇਆ ਹੈ। ਓਨ੍ਹਾਂ ਪਿਛੋਂ ਅੰਗਦ ਸਾਹਿਬ ਗੁਰੂ ਰਾਖੀ ਕਰੀ ਅਮਰ ਜੋ ਦਾਸ ਗੁਰੂ ਫੇਰ ਜਗ ਆਇਆ ਹੈ। ਬੂਟਾ ਜੋ ਧਰਮ ਦਾ ਲਗਾਇ ਗੁਰਾਂ ਵਡਿਆਂ ਨੇ ਗੁਰੂ ਜੋ ਸਾਹਿਬ ਰਾਮਦਾਸ ਪਾਣੀ ਪਾਇਆ ਹੈ। ਅਰਜਨ ਸਾਹਿਬ ਗੁਰੂ ਗ੍ਰੰਥ ਕੀ ਜੋ ਬੱਧੀ ਬੀੜ ਖੇਲਾ ਸਿੰਘ ਗੁਰਾਂ ਏਹੋ ਧਰਮ ਬੂਟਾ ਲਾਇਆ ਹੈ ॥ ੬ ॥ ਹਰਿ ਜੋ ਗੋਬਿੰਦ ਗੁਰੂ ਵਾੜ ਕੀਤੀ ਬੂਟੇ ਤਾਈਂ ਦੁਸ਼ਟਾਂ ਤੇ ਬੂਟੀਆਂ ਦਾ ਸਿਰ ਕੱਟ ਡਾਰਿਆ ॥ ਸ੍ਰੀ ਗੁਰੂ ਹਰਿ ਰਾਇ ਗੱਦੀ ਮੇ ਬਰਾਜਮਾਨ ਸ੍ਰੀ ਹਰਿ ਕ੍ਰਿਸ਼ਨ ਜੀ ਬਚਨ ਜੇਹੜਾ ਧਾਰਿਆ ਦੇਗੂ ਤੇਰਾ ਧਨੀ ਬਾਬਾ ਰਹੇ ਜੋ ਬਕਾਲੇ ਵਿਚ ਤੇਗ ਜੋ ਬਹਾਦਰ ਗੁਰੂ ਖੇਲਾ



Digitized by Panjab Digital Library | www.panjabdigilib.org

ਸਿੰਘ ਧਾਰਿਆ ॥ ੭ ॥ ਦਸਮੇਂ ਅਵਿਤਾਰ ਗੁਰੂ ਸਿੰਘ ਜੋ ਗੋਬਿੰਦ ਆਏ ਪੰਥ ਜੋ ਰਚਾਇਆ ਗੁਰਾਂ ਖਾਲਸਾ ਤਮਾਮ ਜੀ। ਬਰਖਾ ਸੁਮਾਨ ਨਾਮ ਖਾਲਸਾ ਜਪਣ ਲਗਾ ਦੋਹਾਈ ਜੋ ਅਕਾਲ ਦੀ ਫਿਰਾਈ ਸਾਰੇ ਜਾਣ ਜੀ। ਤੁਰਕਾਂ ਨੂੰ ਮਾਰ ਮਾਰ ਖਾਲਸਾ ਨਾ ਬੱਸ ਕਰੇ ਬਚਦਾ ਹੈ ਸੋਈ ਜੇਹੜਾ ਸ਼ਰਨ ਪਵੇ ਆਣ ਜੀ। ਗੁਰੂ ਜੋ ਗੋਬਿੰਦ ਸਿੰਘ ਔਂਦੇ ਨਾ ਜਗਤ ਵਿਚ ਬੇਲਾ ਸਿੰਘਾ ਹਿੰਦੂ ਕਿਤੇ ਦਿਸਦੇ ਨਾ ਆਣ ਜੀ ॥੮॥ ਇਕ ਜੋ ਅਕਾਲ ਦਾ ਫੜਾਯਾ ਲੜ ਗੁਰਾਂ ਸਾਨੂੰ ਓਸ ਤੇ ਬਗੈਰ ਸਿਰ ਕਿਸੇ ਨਾ ਝੁਕਾਵਣਾ। ਮੜੀਆਂ ਤੇ ਮੱਟ ਗੋਰ ਪੂਜਣੀਕਦੰਤ ਨਹੀਂ ਗੁੱਗੇ ਸੁੱਗੇ ਭੈਰੋਂ ਭੂਤ ਪਿੱਛਾਂ ਚਾ ਹਟਾਵਣਾ। ਸੁੱਖਣਾ ਨਿਗਾਹਾ ਨਾ ਕਦੰਤ ਚੂਰੀ ਵੰਡਣੀ ਹੈ ਦੇਣੀ ਨਾ ਨਿਆਜ਼ ਨਹੀਂ ਖਤਮ ਦੁਆਵਣਾ। ਸਾਰਿਆਂ ਤੇ ਦੂਰ ਹੋਕੇ ਰੈਹਣਾ ਬੇਲਾ ਸਿੰਘ ਕਹੇ ਇਕ ਜੋ ਅਕਾਲ ਬਾਝ ਹੋਰ ਨਾ ਧਿਆਵਣਾ ॥ ੯ ॥ ਨਹੀਂ ਦੇਣ ਜੋਗ ਕੋਈ ਪੀਰ ਤੇ ਫਕੀਰ ਗੋਰ ਹਾਸਲ ਮੁਰਾਦ ਪੂਰੀ ਮਹਾਰਾਜ ਕਰੂਗਾ। ਰੱਬ ਨੂੰ ਵਿਸਾਰ ਨਾਂ, ਧਿਆਵੀਂ ਦਿਨੇ ਰਾਤ ਸਾਰੀ ਦਿਲ ਦੀ ਮੁਰਾਦ ਪੂਰੀ ਆਪ ਤੇਰੀ ਕਰੂਗਾ। ਸਿਦਕ ਪ੍ਰਮਾਤਮਾਂ ਤੇ ਰੱਖ ਭਾਰਾ ਬੰਦਿਆ ਤੂੰ ਅੰਦਰਲਾ ਦਿਲ ਕਮਜ਼ੋਰ ਕਿਤੇ ਡਰੂਗਾ। ਗੁਰਾਂ ਉਪਦੇਸ਼ ਤੈਨੂੰ ਦਿਤਾ ਏਹੋ ਬੇਲਾ ਸਿੰਘਾ ਸਾਫ ਹੋਵੇ ਤਦੋਂ ਜਦੋਂ ਮੈਂ ਵਿੱਚੋਂ ਮਰੂਗਾ ॥੧੦॥ ਕਾਮ ਤੇ ਕਰੋਧ ਲੋਭ ਮੋਹ ਹੰਕਾਰ ਸਾਰਾ ਏਨਾਂ ਪੰਜਾਂ ਵਸਤਾਂ ਨਾਲ ਬੰਦਾ ਗੰਦਾ ਹੋਂਵਦਾ। ਮਿਲੇ ਗੁਰੂ ਪੂਰਾ ਤੇ ਗਿਆਨ ਨਾਲ ਕਢੇ ਬਾਹਰ ਬਾਣ ਮਾਰੇ ਸਾਰਦੇ ਤਮਾਸ਼ਾ ਤਦੋਂ ਹੋਂਵਦਾ। ਗੁਨਾਗਾਰ ਬੰਦਾ ਹਰ ਵੇਲੇ ਪਰਮਾਤਮਾਂ ਦਾ ਬਖਸ਼ ਦਿਊ ਆਪ ਜਦੋਂ ਦਿਲ ਸਾਫ ਹੋਂਵਦਾ। ਹਰ ਵੇਲੇ



Digitized by Panjab Digital Library | www.panjabdigilib.org

ਬੰਦਗੀ ਦੇ ਵਿਚ ਰਹੀਂ ਬੇਲਾ ਸਿੰਘਾ ਗੁਰੂ ਜੋ ਗ੍ਰੰਥ ਉਪਦੇਸ਼ ਇਹੋ ਹੋਂਵਦਾ ॥੧੧॥ ਹੋਰ ਇਕ ਅਰਜ ਮੇਰੀ ਖਾਲਸੇ ਤੇ ਹਿੰਦ ਅਗੇ ਏਤਨਾ ਬਚਨ ਤੁਝੇ ਲਿਖ ਕੇ ਸੁਣਾਇਆ ਹੈ। ਸਾਰਾ ਜੋਈ ਪਦਮ ਪੁਰਾਣ ਤੁਸੀ ਭਾਲ ਵੇਖੋ ਜੰਮਨ ਕਾਲ ਮੰਤ੍ਰੋਣ ਓਸ ਮੇਂ ਲਿਖਾਇਆ ਹੈ। ਕੁੱਠਾ ਹੋਇਆ ਤੁਰਕ ਦਾ ਹਲਾਲ ਮਾਸ ਨਹੀਂ ਖਾਓ ਗਊ ਦੇ ਸਮਾਨ ਮਾਸ ਸ਼ਾਸਤ੍ਰ ਬਤਾਇਆ ਹੈ। ਖਾਲਸੇ ਦੇ ਤਾਈਂ ਹੈ ਹਲਾਲ ਮਾੜਾ ਬੇਲਾ ਸਿੰਘਾ ਗੁਰੂ ਜੋ ਗੋਬਿੰਦ ਸਿੰਘ ਗ੍ਰੰਥਾਂ ਮੇਂ ਗਾਇਆ ਹੈ॥ ੧੨ ॥ ਪੀਣਾ ਹੈ ਤਮਾਕੂ ਜਾਣੋ ਬੇਦ ਅਨੁਸਾਰ ਮਾੜਾ ਮਾੜੀ ਚੀਜ ਵਿਚੋਂ ਜੋ ਪਦੈਸ਼ ਏਦੀ ਜਾਨਣੀ। ਗਊ ਅਤੇ ਸੂਰ ਦੀ ਜੋ ਰੱਤ ਚੋਂ ਪਦੈਸ਼ ਏਦੀ ਬੂਟੀ ਪਰਸਿਧ ਲੋਕਾਂ ਕਰ ਲਈ ਮਾਨਣੀ। ਆਵੇ ਨਾ ਯਕੀਨ ਤੇ ਪੁਰਾਣ ਜੋ ਸਿਕੰਧ ਵੇਖੋ ਬਵੰਜਵੇਂ ਧਿਆਏ ਵਿਚ ਲਿਖਤ ਪਛਾਨਣੀ। ਕੇਸ ਦਾਹੜੀ ਰੱਖ ਕੇ ਜੋ ਹਿੰਦੂ ਲੋਕ ਬੇਲਾ ਸਿੰਘਾ ਪੀਂਵਦੇ ਤਮਾਕੂ ਨਾ ਲਾਜ ਇਨ੍ਹਾਂ ਆਵਣੀ ॥੧੩॥ ਹਿੰਦੂ ਭਾਈ ਲੋਕਾਂ ਨੂੰ ਅਰਜ ਮੇਰੀ ਹੱਥ ਜੋੜ ਹਿੰਦੂ ਲੋਕਾਂ ਤਾਈਂ ਹੁੱਕਾ ਪੀਣਾ ਮਾੜਾ ਜਾਨਣਾ। ਭੁਲ ਜੋ ਭੁਲੇਖੇ ਤੁਸੀਂ ਵਰਤਦੇ ਤੰਮਾਕੂ ਰਹੇ ਬਖਸ਼ੇਗਾ ਗੁਰੂ ਗਾਹਾਂ ਹੱਥ ਨਾ ਲਗਾਵਣਾ। ਪਿਛਲੀ ਜੋ ਭੁੱਲ ਨੂੰ ਹੈ ਗੁਰੂ ਬਖਸ਼ਿੰਦ ਸਾਡੇ ਗਹਾਂ ਮਨ ਸਾਫ ਕਰੋ ਅੰਮ੍ਰਿਤ ਨੂੰ ਪਾਵਣਾ। ਏਤਨੀ ਕ੍ਰਿਪਾ ਸਾਡੇ ਗੁਰਾਂ ਵਿਚ ਬੇਲਾ ਸਿੰਘਾ ਨਰਕ ਵਿਚੋਂ ਕੱਢਕੇ ਸੁਵਰਗ ਮੇਂ ਪੁਚਾਵਣਾਂ॥ ੧੪ ॥ ਐਸੇ ਲੋਕ ਵੇਖੇ ਭਲੇ ਪੁਰਸ਼ ਪੰਜਾਬ ਵਿਚ ਪੁਛੀਏ ਜੋ ਨਾਮ ਤਾਂ ਫਲਾਨਾ ਸਿੰਘ ਦੱਸ ਦੇ। ਡੀਲ ਡੌਲ ਵੇਖੀਏ ਤਾਂ ਪੂਰੀ ਰੈਹਤ ਸਿੰਘਾਂ ਵਾਲੀ ਘੜੀ ਪਿਛੋਂ ਵੇਖੀਏ ਤਾਂ ਹੁੱਕਾ ਮੂੰਹ ਡੱਸਦੇ। ਕਈ ਕਈ ਸਿੰਘ ਅੱਜ ਕੱਲ ਨੁਸਵਾਰ ਲੈਂਦੇ ਸ਼ਾਵਾਸ਼ੇ ਭਰਾਵਾਂ ਦੇ



Digitized by Panjab Digital Library | www.panjabdigilib.org

ਓਹ ਚੰਗੀ ਲਾਜ ਰੱਖਦੇ। ਮੂਲ ਹੈ ਤੰਮਾਕੂ ਨੁਸਵਾਰ ਸਾਰੀ ਬੇਲਾਸਿੰਘਾਸਿਗਰਟਾਂਦੀਡੱਬੀ ਵਿਚ ਪੱਗਾਂ ਦੇ ਹੈਂ ਰੱਖਦੇ ॥੧੫॥ ਸਾਰਾ ਏਹੋ ਮਤ ਜੋ ਪੁਰਾਣਾਂ ਦਾ ਮੈਂ ਲਿਖਿਆ ਹੈ ਮੇਰੇ ਤੇਰੇ ਘਰ ਦੀ ਬਣੌਟੀ ਕੋਈ ਗੱਲ ਨਾਂ। ਗੁੱਸਾ ਤੇ ਤਰਾਜ਼ ਕੋਈ ਕਰੋ ਨਾ ਹਮਾਰੇ ਉਤੇ ਬੇਦਾਂ ਅਨੁਸਾਰ ਜੋ ਸੁਣਾਇ ਦਿਤੀ ਗੱਲ ਜਾਂ। ਹੋਵੇ ਮਨਜ਼ੂਰ ਤੁਸੀਂ ਦਿਲ ਮੇਂ ਵਿਚਾਰ ਵੇਖੋ ਆਵੇ ਜੇ ਵਿਚਾਰ ਤਾਂ ਲਗਾਇਓ ਘੜੀ ਪਲ ਨਾਂ। ਆਪਣੀ ਜੋ ਕਰਨੀ ਨੇ ਤਾਰਨਾ ਹੈ ਬੇਲਾ ਸਿੰਘਾ ਗੁਰੂ ਬਖਸ਼ ਦੇਵੇ ਭੇਜੇ ਨਰਕ ਵਿਚ ਪਲ ਨਾਂ ॥ ੧੬ ॥ ਗੁਰੂ ਜੀ ਗੋਬਿੰਦ ਸਿੰਘ ਸੇਂਵਦਾ ਮੈਂ ਖੜਾ ਤੈਨੂੰ ਰਖਣੀ ਹੈ ਲਾਜ ਮੇਰੀ ਆਪ ਮਹਾਰਾਜ ਤੂੰ। ਪਾਓ ਥੋੜੀ ਬੁੱਧ ਕੰਮ ਕਰਾਂ ਮੈਂ ਕਵੀਸ਼ਰੀ ਦਾ ਬੋਹੜ ਮੇਰੇ ਤਾਈਂ ਪਾਰ ਕਰਦੇ ਜਹਾਜ ਤੂੰ। ਤੇਰਾ ਹੈ ਦਵਾਰਾ ਸਾਰਾ ਬ੍ਰਹਮ ਦਾ ਪਸਾਰਾ ਦਿਸੇ ਰੱਸੀ ਵਾਲਾ ਸਰਪ ਮੈਨੂੰ ਦਿਸਦਾ ਜਹਾਜ ਤੂੰ। ਪੂਰਨ ਭਗਤ ਵਾਲਾ ਹਾਲ ਲਿਖੀਂ ਬੇਲਾ ਸਿੰਘਾ ਗੋਰਖ ਦੇ ਬਚਨੋਂ ਪੂਰਨ ਕੀਤਾ ਪੈਦਾ ਆਪ ਤੂੰ ॥ ੧੭॥ਬਾਰਾਂ ਸਾਲ ਬੀਤੇ ਲੱਗੀ ਗੋਰਖ ਦੀ ਤਾੜੀ ਐਸੀ ਟਿੱਲਾ ਗੁਰੂ ਗੋਰਖ ਦਾ ਜੱਗ ਮਸ਼ਹੂਰ ਹੈ। ਸਾਧੂ ਤੇ ਫਕੀਰ ਜੋਗੀ ਚੇਲੇ ਗੁਰੂ ਗੋਰਖ ਦੇ ਰਖਦੇ ਸਿਦਕ ਗੁਰਾਂ ਉਤੇ ਭਰਪੂਰ ਹੈ। ਆਖਦੇ ਹੈਂ ਤਾੜੀ ਸਾਡੇ ਗੁਰੂ ਦੀ ਜੇ ਖੁੱਲ ਜਾਵੇ ਕਰ ਲਈਏ ਸੈਲ ਕਿਸੇ ਸ਼ੈਹਰ ਦਾ ਜਰੂਰ ਹੈ। ਕਰਦੇ ਸਲਾਹਾਂ ਚੇਲੇ ਆਪੋ ਵਿਚ ਬੇਲਾ ਸਿੰਘਾ ਏਤਨੇ ਨੂੰ ਤਾੜੀ ਗੁਰੂ ਖੋਲਦਾ ਜਰੂਰ ਹੈ ॥੧੮॥ ਖੁੱਲ ਗਈ ਤਾੜੀ ਗੁਰੂ ਆਖਦਾ ਹੈ ਚੇਲਿਆਂ ਨੂੰ ਮੰਗ ਲਓ ਮੁਰਾਦ ਤੁਝੇ ਦਿਲ ਖੁਸ਼ੀ ਕਾਰਦਾ। ਹਥ ਬੰਨ ਕੀਤੀ ਅਰਜੋਈ ਸਾਰੇ ਜੋਗੀਆਂ ਨੇ ਬਾਰਾਂ ਸਾਲ ਹੋਇ ਕਾਹਨੂੰ ਟਿੱਲੇ ਉਤੇ ਮਾਰਦਾ। ਆਖਦਾ ਹੈ ਗੋਰਖ ਤਿਆਰ

---



Digitized by Panjab Digital Library | www.panjabdigilib.org

ਹੋਵੋ ਤੁਸੀਂ ਬੱਚਾ ਚਲੋ ਸੈਲ ਕਰੀਏ ਝਨਾਓਂ ਅੱਗੇ ਪਾਰਦਾ।
ਟੁਰਪਿਆ ਝੁੰਡ ਜੋ ਫਕੀਰਾਂ ਵਾਲਾ ਬੇਲਾ ਸਿੰਘ ਨਾਦ ਮਿਰਗਾਨ
ਖੱਲ ਝੋਲੀ ਵਿਚ ਡਾਰਦਾ॥ ੧੯॥ ਸ਼ੈਹਰ ਸਿਆਲਕੋਟ ਵਿਚ
ਦੇਸ ਜੋ ਪੰਜਾਬ ਦੇ ਹੈ ਓਸ ਸ਼ੈਹਰ ਵਿਚ ਸਲਵਾਨ ਰਾਜ ਕਰਦਾ।
ਰਾਜਾ ਸਲਵਾਨ ਰਾਜੇ ਬਿਕ੍ਰਮਾਂ ਦੀ ਕੁੱਲ ਵਿਚੋਂ ਰਾਜ ਭਰਪੂਰ
ਤੇ ਔਲਾਦ ਵਲੋਂ ਝੁਰਦਾ। ਗੋਰਖ ਨੇ ਆਣਕੇ ਲਗਾਇਆ
ਡੇਰਾ ਬਾਗ ਵਿਚ ਸੁੱਕਾ ਜੇਹਾ ਬਾਗ ਤੇ ਤਮਾਮ ਹੋਇਆ ਬੂਰਦਾ।
ਤਿੰਨ ਰੋਜ ਭੁੱਖੇ ਬੀਤੇ ਜੋਗੀਆਂ ਨੂੰ ਬੇਲਾ ਸਿੰਘਾ ਸ਼ੈਹਰ ਵਿਚ
ਸੁਣਿਆ ਨਾ ਕਿਸੇ ਡੇਰਾ ਗੁਰਦਾ॥ ੨੦॥ ਓਸ ਵੇਲੇ ਜੋਗੀਆਂ
ਬਿਆਨ ਕੀਤਾ ਗੁਰੂ ਅਗੇ ਚੰਗਾ ਕਰਵਾਇਆ ਸੈਲ ਤੁਸੀਂ
ਗੁਰੂ ਨਾਥ ਜੀ। ਤਿੰਨ ਰੋਜ ਭੁੱਖਿਆਂ ਨੂੰ ਬੀਤੇ ਹੈਂ ਤਮਾਮ
ਨਾਥਾ ਚੌਥੀ ਅੱਗੇ ਦਿਸਦੀ ਹੈ ਰਾਤ ਗੁਰੂ ਨਾਥ ਜੀ।
ਨਹੀਂ ਤਾਂ ਭੰਡਾਰਾ ਸਾਨੂੰ ਕਰੋ ਗੁਰੂ ਨਾਥ ਏਥੇ ਨਹੀਂ ਡੇਰਾ ਚੱਟ
ਪੱਟ ਕੂਚ ਕਰੋ ਨਾਥ ਜੀ॥ ਕੱਟਣੀ ਨਾ ਭੁਖ ਤੇ ਕਦੰਤ ਸੈਲ
ਕਰਨੀ ਨਾ ਟਿੱਲੇ ਮੇਂ ਪੁਚਾਓ ਬੇਲਾ ਸਿੰਘ ਵਾਲੇ ਸਾਥ ਜੀ॥
॥੨੧॥ ਗੋਰਖ ਸੁਣਾਵੇ ਸਾਰੇ ਚੇਲਿਆਂ ਦੇ ਤਾਂਈ ਯਾਰੋ ਸਵਾ ਮਾਹ
ਭੁੱਖੇ ਕਟੋ ਪੂਰੇ ਬਣੋਂ ਨਾਥ ਓਇ। ਬਾਰਾਂ ਸਾਲ ਤਾੜੀ ਭੁੱਖੇ ਲਾਈ
ਮੈਂ ਸੀ ਜੱਗ ਵਿਚ ਅੰਨ ਪਾਣੀ ਵੇਖਿਆ ਨਾ ਮੂੰਹ ਲਾਇਆ
ਪਾਤ ਓਇ। ਸਿਰ ਵਿਚ ਪੰਛੀ ਅਨੇਕ ਸਾਡੇ ਜੰਮ ਪਏ
ਚਿੜੀਆਂ ਜਨੌਰ ਤੇ ਅਨੇਕ ਜੀਆ ਜਾਤ ਓਇ। ਸਵਾ
ਜੇ ਮਹੀਨਾ ਭੁੱਖੇ ਕੱਟ ਲਵੋ ਬੇਲਾ ਸਿੰਘਾ ਮੇਰੇ ਨਾਲੋਂ
ਵੱਧ ਤੁਸੀਂ ਪੂਰੇ ਬਣੋ ਨਾਥ ਓਇ॥੨੨॥ ਗੋਰਖ ਨੇ ਦੇਖਿਆ
ਤਮਾਮ ਜੋਗੀ ਡੁੱਲੇ ਹੋਏ ਓਸ ਵੇਲੇ ਆਪ ਪਾਣੀ ਗਰਮ
ਕਰਾਂਵਦਾ। ਭਰ ਭਰ ਤੂੰਬੇ ਨਾਥ ਨ੍ਹਾਂਵਦਾ ਪ੍ਰੇਮ ਨਾਲ ਚੰਨਣ


Digitized by Panjab Digital Library | www.panjabdigilib.org

ਦਾ ਤਿਲਕ ਮੱਥੇ ਆਪਣੇ ਲਿਗਾਂਵਦਾ। ਝੋਲੀ ਵਿਚੋਂ ਨਾਦ ਕੱਢ ਧੋਇਕੇ ਵਿਜਾਂਵਦਾ ਹੈ ਇੰਦ੍ਰ ਨੂੰ ਸੁਣਾਇਆ ਛੇਤੀ ਇੰਦ੍ਰ ਗਰੜਾਵਦਾ। ਬਾਰਸ਼ ਤਮਾਮ ਓਥੇ ਪੈਣ ਲੱਗੀ ਬੇਲਾ ਸਿੰਘਾ ਸੁੱਕਾ ਜੇਹਾ ਬਾਗ ਵਣ ਹਰਾ ਹੈ ਕਰਾਂਵਦਾ॥ ੨੩॥ ਗੋਰਖ ਜੋ ਗੁਰੂ ਕਲਾ ਜਾਹਰੀ ਤਦੋਂ ਆਣ ਕੀਤੀ ਸੁੱਕਾ ਬਾਗ ਸਾਰਾ ਜੋ ਬਹਾਰ ਵਿਚ ਆਇਆ ਓਇ। ਓਸ ਵੇਲੇ ਮੇਵੇ ਜੋ ਤਮਾਮ ਲਗੇ ਲਕੜਾਂ ਨੂੰ ਆਖੇ ਗੁਰੂ ਚੇਲਿਓ ਤਮਾਮ ਉਠੋ ਖਾਓ ਓਇ। ਰੱਜ ਕੇ ਜੋ ਡੱਗੀਆਂ ਨੂੰ ਭਰ ਲਵੋ ਤੁਸੀ ਬੱਚਾ ਫੇਰ ਟਿਲੇ ਵਾਲੇ ਤੁਸੀ ਪਵੋ ਛੇਤੀ ਰਾਹ ਓਇ। ਹੁੰਦੀ ਨਾਂ ਫਕੀਰੀ ਪੂਰੀ ਤੁਸਾਂ ਪਾਸੋਂ ਬੇਲਾ ਸਿੰਘਾ ਮੇਰੇ ਪਿਛੋਂ ਹੋਰ ਕੋਈ ਹਮਰਾਹ ਓਇ॥੨੪॥ ਏਤਨੇ ਨੂੰ ਆਣ ਕਿਸੇ ਰਾਜੇ ਤਾਈਂ ਦਸਿਆ ਹੈ ਤੇਰੇ ਬਾਗ ਵਿਚ ਰਾਜਾ ਸਿੱਧ ਜੋਗੀ ਆਏ ਹੈਂ। ਨਾਮ ਗੁਰੂ ਗੋਰਖ ਤੇ ਸਭ ਨੂੰ ਮੁਰਾਦ ਦੇਵੇ ਤੂੰ ਭੀ ਰਾਜਾ ਹੱਥ ਜੋੜ ਪੈਰੀਂ ਡਿਗ ਜਾਏ ਹੈਂ। ਮੰਗ ਲੈ ਮੁਰਾਦ ਇਕ ਪੁਤ੍ਰ ਦੀ ਓਦੇ ਪਾਸੋਂ ਆਪ ਪ੍ਰਮਾਤਮਾਂ ਨੇ ਜੱਗ ਭਜਵਾਏ ਹੈਂ। ਕਰ ਲਈ ਦਲੀਲ ਰਾਜੇ ਓਸੇ ਵੇਲੇ ਬੇਲਾ ਸਿੰਘਾ ਰਾਣੀਆਂ ਨੂੰ ਜਾਕੇ ਏਹੋ ਬਚਨ ਸੁਣਾਏ ਹੈਂ॥੨੫॥ ਓਸੇ ਵੇਲੇ ਰਾਜਾ ਸਲਵਾਨ ਗਿਆ ਮੈਹਲਾਂ ਵਲ ਜਾਇ ਕੇ ਤਾਂ ਰਾਣੀਆਂ ਨੂੰ ਇਹੋ ਗੱਲ ਆਖਦਾ। ਸਾਡੇ ਬਾਗ ਵਿਚ ਸਾਧੂਆਂ ਦਾ ਡੇਰਾ ਆਇਆ ਪੂਰਾ ਹੈ ਫਕੀਰ ਨਾਮ ਗੋਰਖ ਹੈ ਭਾਖਦਾ। ਮੰਗਦੇ ਮੁਰਾਦਾਂ ਲੋਕ ਓਦੇ ਕੋਲੋਂ ਜਾਇਕੇ ਤੇ ਪੁਤ੍ਰ ਖਡੋਣ ਨੂੰ ਜੋ ਮੇਰਾ ਦਿਲ ਭਾਖਦਾ। ਸਾਫ ਜੋ ਜਬਾਬ ਦਿਤਾ ਰਾਣੀਆਂ ਨੇ ਬੇਲਾ ਸਿੰਘਾ ਰਾਜਾ ਸਲਵਾਂਨ ਅਗੋਂ ਕੁਛ ਨਹੀਂ ਆਖਦਾ॥੨੬॥ ਰਾਣੀਆਂ ਜਬਾਬ ਦਿਤਾ ਰਾਜੇ ਤਾਈਂ ਓਸ ਵੇਲੇ ਪੁਤ੍ਰ ਤੂੰ ਭਾਲੇ ਜਹੜਾ ਗੋਰਖ ਸਦਾਂਵਦਾ। ਮਲਕੇ ਸੁਆਹਾ ਪਿੰਡੇ ਰਹੇ ਅਵਿਧੂਤ


Digitized by Panjab Digital Library | www.panjabdigilib.org

ਜੇਹਾ ਪੁਤ੍ਰ ਬਗਾਨੇ ਮੁੰਨ ਟਿਲੇ ਰਾਹਾ ਪਾਂਵਦਾ। ਮੰਗਣ ਝੜਾਵੇ ਹੱਥ ਠੀਕਰੇ ਫੜਾਇਕੇ ਤਾਂ ਦਰੋ ਦਰ ਆਪ ਫੇਰ ਅਲਖ ਜਗਾ ਵਦਾ। ਭਾਲਦਾ ਹੈਂ ਪੁਤ੍ਰ ਤੂੰ ਓਦੇ ਪਾਸੋਂ ਬੇਲਾਸਿੰਘਾ ਅਸੀਂ ਨਹੀ ਜਾਣਾ ਲੈਜਾ ਇੱਛਰਾਂ ਬਿਆਂਵਦਾ॥੨੭॥ ਓਸ ਵੇਲੇ ਰਾਜਾ ਨਿੰਮੋਝੂਣ ਹੋਕੇ ਮੁੜ ਪੈਂਦਾ ਰਮਾ ਰਮੀ ਫੇਰ ਮੈਹਲੀਂ ਇੱਛਰਾਂ ਦੇ ਗਿਆ ਜੀ। ਜਾਇਕੇ ਤਾਂ ਰਾਣੀ ਨੂੰ ਬਚਨ ਇਹੋ ਬੋਲਦਾ ਹੈ ਓਸ ਨੇ ਸ਼ਤਾਬੀ ਜਾਣੋ ਮੰਨ ਲਿਆ ਕਿਹਾ ਜੀ। ਬਾਗ ਵੱਲ ਰਾਜਾ ਰਾਣੀ ਟੁਰਦੇ ਪ੍ਰੇਮ ਨਾਲ ਪਿਛੇ ਪਿਛੇ ਰਾਣੀ ਰਾਜਾ ਆਪ ਮੂਹਰੇ ਗਿਆ ਜੀ। ਮੰਗਦੇ ਮੁਰਾਦ ਇਕ ਪੁਤ੍ਰ ਦੀ ਬੇਲਾਸਿੰਘ ਗੋਰਖ ਦੇ ਪੈਰਾਂ ਉਤੇ ਆਪ ਰਾਜਾ ਢਿਆ ਜੀ॥੨੮॥ ਹੱਥ ਬੰਨ ਬੇਨਤੀ ਗੁਜਾਰੇ ਰਾਣੀ ਗੁਰੂ ਅਗੇ ਨਾਮ ਤੇਰਾ ਸੁਣਕੇ ਮੈਂ ਬਾਗ ਵਿਚ ਆਈ ਜੀ। ਜਗ ਮੇਂ ਰਲਾਦੇ ਸਾਂਝ ਬਿਰਥੀ ਜਹਾਨੋ ਚਲੀ ਮੇਰੇ ਉਤੇ ਨਿਗਾ ਮੇਹਰਬਾਨੀ ਵਾਲੀ ਪਾਈ ਜੀ। ਸੱਚਾ ਗੁਰੂ ਗੋਰਖ ਲਗਾਉ ਬੂਟਾ ਘਰ ਮੇਰੇ ਸੱਚਾ ਮੈਂ ਦੁਆਰਾ ਵੇਖ ਚਲ ਤੇਰੇ ਆਈ ਜੀ। ਤੇਰੇ ਪ੍ਰਤਾਪ ਨਾਲ ਲੜਕਾ ਖਡਾਵਾਂ ਗੋਦੀ ਏਤਨੀ ਮੁਰਾਦ ਬੇਲਾ ਸਿੰਘ। ਚਿਤ ਆਈ ਜੀ॥੨੯॥ ਗੋਰਖ ਪੁਕਾਰੇ ਤੇਰੇ ਘਰ ਬੇਟਾ ਹੋਊ ਰਾਣੀ ਮੰਗਲ ਜੋ ਵਾਰ ਦਿਨ ਕਰੜਾ ਪਛਾਨਣਾ। ਖੰਡ ਫੁਲ ਗੁੜ੍ਹਤੀ ਪਿਆਵੀਂ ਓਨੂੰ ਘੋਲ ਸਾਰ ਟਿਲੇ ਗੁਰੂ ਗੋਰਖ ਦੇ ਚੇਲਾ ਕਰ ਆਵਣਾ। ਆਪ ਪ੍ਰਮਾਤਮਾਂ ਪੁਤ੍ਰ ਤੇਰੇ ਘਰ ਦੇਊ ਬਚਨ ਹਮਾਰਾ ਰਾਣੀ ਸਤਿ ਕਰ ਜਾਨਣਾ। ਗੁਰਾਂ ਦਾ ਬਚਨ ਇਕ ਮੰਨ ਲਵੀਂ ਬੇਲਾਸਿੰਘਾ ਉਠਕੇ ਸਵੇਰੇ ਰਾਣੀ ਤਾਲ ਵਿਚ ਨਹਾਵਣਾ॥੩੦॥ ਹੋਈ ਜਾਂ ਸੁਵੇਰ ਰਾਣੀ ਨਹੌਣ ਦੀ ਤਿਆਰੀ ਕੀਤੀ ਗੋਲੀਆਂ ਨੂੰ ਸਾਥ ਲੈਕੇ ਤਾਲ ਵਲ ਜਾਂਵਦਾ।



Digitized by Panjab Digital Library | www.panjabdigilib.org

ਹੱਥ ਮੇਂ ਕਟੋਰਾ ਗੋਕੇ ਦੁੱਧ ਦਾ ਪਕੜ ਲਿਆ ਕੇਸ ਮਲ ਨਹਾਵੇ ਰੂਪ ਧੋਤਾ ਨਹੀ ਜਾਂਵਦਾ। ਤਾਲ ਵਿਚ ਨਹਾਵੇ ਤੇ ਖੁਆਜੇ ਨੂੰ ਮਨਾਵੇ ਦਿਲੋਂ ਸੂਰਜ ਜੋ ਦੇਵਤਾ ਤੁਰਤ ਚੜ ਜਾਂਵਦਾ। ਬੱਗਾ ਸ਼ੇਰ ਮਥੇ ਲੱਗਾ ਓਸ ਵੇਲੇ ਇੱਛਰਾਂ ਦੇ ਗੋਰਖ ਦਾ ਬਚਨ ਜੋ ਪੂਰਾ ਹੋਇ ਜਾਂਵਦਾ। ਪੂਰਨ ਸ਼ਿਕਮ ਵਿਚ ਆਗਿਆ ਹੈ ਬੇਲਾ ਸਿੰਘਾ ਤਿੰਨ ਗੁਣਾ ਵਿਚ ਜੋ ਪੂਰਨ ਜਨਮ ਪਾਂਵਦਾ॥ ੩੧॥ ਰਾਣੀ ਨੇ ਸਦਾਇਆ ਘਰ ਪੰਡਤ ਜੋ ਓਸ ਵੇਲੇ. ਜੀਵੇ ਦਾਦਾ ਜੀ ਮੈਨੂੰ ਸੱਚ ਤੂੰ ਪੁਕਾਰ ਦੇ। ਭੋਜਨ ਹਮੇਸ਼ ਦੇਵਾਂ ਤੇਰੇ ਤਾਈਂ ਖਾਣ ਨੂੰ ਮੈਂ ਠੰਢਾ ਪਾਣੀ ਪੀਕੇ ਦਿਨ ਖੁਸ਼ੀ ਦਾ ਗੁਜਾਰ ਦੇ। ਖੋਲਕੇ ਤਾਂ ਪਤ੍ਰੀ ਸ਼ਤਾਬੀ ਦੱਸੀਂ ਮੇਰੇ ਤਾਈਂ ਜੇਹੜੀ ਮੇਰੇ ਰਿਦੇ ਵਿਚ ਸੋਈ ਮੁਝੇ ਸਾਰ ਦੇ। ਮੂਰਖ ਜੋ ਮਨ ਸਮਝਾਦੇ ਮੇਰਾ ਬੇਲਾ ਸਿੰਘਾ ਪੁਤ੍ਰ ਕਿ ਧੀ ਜੰਮੂ ਪੁਸਤਕ ਪੁਕਾਰ ਦੇ॥੩੨॥ ਪੰਡਤ ਜਵਾਬ ਫੇਰ ਬੋਲਦਾ ਹੈ ਰਾਣੀ ਤਾਈਂ ਤੈਨੂੰ ਦਿਊ ਬੇਟੜਾ ਜੋ ਆਪ ਕਰਤਾਰ ਨੀ। ਗੁੜਤੀ ਪਿਆਵੀਂ ਫੁੱਲ ਪੰਡ ਦੀ ਪ੍ਰੇਮ ਨਾਲ ਚੇਲਾ ਕਰੀਂ ਗੋਰਖ ਦਾ ਟਿੱਲੇ ਆਵੀਂ ਚਾੜ ਨੀ। ਤਿੰਨੇ ਮੈਨੂੰ ਕਪੜੇ ਓਦਾਲੇ ਵਾਲੇ ਲਾਹਾ ਦੇਹ ਗਲ ਦਾ ਨੌਲੱਖਾ ਹਾਰ ਕਰੀਂ ਮੈਨੂੰ ਦਾਨ ਨੀ। ਆਪਣੇ ਜੋ ਤਨ ਦੀ ਏ ਮੈਲ ਦੇਦੇ ਬੇਲਾ ਸਿੰਘਾ ਦਾਨ ਤੈਥੋਂ ਲੈਕੇ ਮੈਂ ਤਾਂ ਹੋਜਾਂ ਬੂਹਿਓਂ ਬਾਰ ਨੀ॥੩੩॥ ਮੋੜਕੇ ਜਵਾਬ ਫੇਰ ਇੱਛਰਾਂ ਸੁਣਾਂਵਦੀ ਹੈ ਆਖੇ ਮੇਰੇ ਲੱਗ ਲੀੜੇ ਠੱਗ ਹੈ ਲਹਾਂਵਦੇ। ਜਿਸ ਰੋਜ ਪੂਰਨ ਭਗਤ ਮੇਰੇ ਜਨਮ ਧਾਰੂ ਮੋਤੀਆਂ ਦੇ ਭਰੂੰ ਥਾਲ ਓਸ ਦਿਨ ਆਂਵਦੇ। ਰਸਤਾ ਮੈਂ ਦੋਹਰੀਆਂ ਲਗਾਇ ਦੇਸਾਂ ਆਜਜ਼ਾਂ ਨੂੰ ਖਾਣਗੇ ਰਸੋਈ ਜੇਹੜੇ ਘਰੀਂ ਮੇਰੀ ਆਂਵਦੇ। ਲੋਕਾਂ ਭਾਣੇ ਗੋਰਖ ਫਕੀਰ ਹੈਗਾ ਬੇਲਾ ਸਿੰਘਾ ਮੇਰੇ ਭਾ ਦਾ


Digitized by Panjab Digital Library | www.panjabdigilib.org

ਜ਼ਾਹਰਾ ਰੱਬ ਬਦਨ ਤਰਾਮ ਦੇ ॥੩੪॥ ਨੌ ਮਹੀਨੇ ਹੋਏ ਫੇਰ ਪੂਰਨ ਜਨਮ ਲੀਤਾ ਰਾਜਾ ਸਲਵਾਨ ਸੁਣ ਖੁਸ਼ੀ ਵਿਚ ਆਂਵਦਾ। ਰਾਜੇ ਨੇ ਗਰੀਬ ਸਭ ਸੱਦ ਲਏ ਸ਼ੈਹਰ ਵਿਚੋਂ ਮੰਗਤਾ ਕੰਗਾਲ ਸਭ ਓਥੇ ਡੇਰਾ ਲਾਮਦਾ। ਬ੍ਰਾਹਮਣਾ ਨੇ ਦਾਨ ਆਕੇ ਮੰਗਿਆ ਹੈ ਰਾਜੇ ਪਾਸੋਂ ਕਾਲੀਆਂ ਤੇ ਕਪਲਾ ਜੋ ਗਊਆਂ ਮਣਸਾਂਵਦਾ। ਸਿੰਙ ਸੋਨੇ ਖੁਰ ਚਾਂਦੀ ਮੜਹਾ ਦਿਤੇ ਬੇਲਾ ਸਿੰਘਾ ਜਿਤਨੀ ਤੌਫੀਕ ਰਾਜਾ ਦਾਨ ਹੈ ਕਰਾਂਵਦਾ ॥੩੫॥ ਪੂਰਨ ਭਗਤ ਜਿਸ ਵੇਲੇ ਜਨਮ ਧਾਰਦਾ ਹੈ ਵੈਹੇ ਮਾਤਾ ਓਸ ਵੇਲੇ ਅਰਸ਼ਾਂ ਤੋਂ ਆਈ ਹੈ ਮਾਰਦੀ ਹੈ ਠੋਲਾ ਜਾਣੋ ਪੂਰਨ ਦੇ ਸਿਰ ਵਿਚ ਮੇਰੇ ਕੰਨੀਂ ਝਾਕ ਤੇਰੇ ਲੇਖ ਲਿਖਣ ਆਈ ਹੈ। ਨੌ ਮਹੀਨੇ ਰਿਹਾ ਤੂੰ ਤਾਂ ਮਾਤਾ ਦੇ ਗਰਭ ਵਿਚ ਬਾਰਾਂ ਸਾਲ ਧਰਤੀ ਦੇ ਪੇਟ ਰੈਹ ਜਾਈ ਹੈ। ਬਾਰਾਂ ਸਾਲ ਪਿਛੋਂ ਪੁੱਤ ਮਾਪਿਆਂ ਦਾ ਬੇਲਾ ਸਿੰਘਾ ਏਦੂੰ ਅਗੇ ਇਕ ਬਿਪਤਾ ਮੈਂ ਪਾਈ ਹੈ॥੩੬॥ ਔਂਝੜ ਜੋ ਇਕ ਲੂਣਾ ਪਰੀ ਵਲੋਂ ਲਗੂ ਤੈਨੂੰ ਚਰਚਾ ਤਮਾਮ ਤੇਰੀ ਹੋਊ ਦੇਸ ਪੂਰਨਾ। ਮਿਲੂਗੀ ਫਕੀਰੀ ਤੈਨੂੰ ਪੂਰਨਾ ਜਨਮ ਵਾਲੀ ਕਰਨਾ ਭਜਨ ਤੂੰ ਹੁਮੇਸ਼ ਦੇਸ ਪੂਰਨਾ। ਵੱਢਕੇ ਤਾਂ ਪਿਤਾ ਫੇਰ ਖੂਹ ਸਿੱਟੂ ਤੇਰੇ ਤਾਈਂ ਗੋਰਖ ਦਰਵੇਸ਼ ਖੂਹੋਂ ਕੱਢੂ ਖੇਸ ਪੂਰਨਾ। ਏਤਨੇ ਜੋ ਵੈਹ ਮਾਤਾ ਲੇਖ ਲਿਖੇ ਬੇਲਾ ਸਿੰਘਾ ਮਚ ਦੇ ਜੋ ਦੀਵੇ ਬੁਝੇ ਕੁਲ ਦੇਸ ਪੂਰਨਾ॥ ੩੭ ॥ ਏਨੀ ਗੱਲ ਸੁਣ ਬੋਲੇ ਚਾਰ ਜੋ ਫਰਿਸ਼ਤੇ ਯਾਰੋ ਏਹੋ ਕੀ ਵੈਹ ਮਾਤਾ ਤੂੰ ਤੇ ਬੋਲੇ ਬਚਨ ਆਇਕੇ। ਇੰਦਰ ਅਖਾੜੇ ਵਾਲੀ ਵੇਖਾਂਗੇ ਪਦਮਣੀ ਨੂੰ ਵੈਂਙਣ ਹੋਕੇ ਲਗ ਜਾਈਏ ਕੱਚੀ ਤਾਈਂ ਖਾਇਕੇ। ਮਾਰ ਮਾਰ ਚਾਂਗਾ ਜੋ ਸੁਣਾਇ ਦੇਈਏ ਗੁਰੂ ਤਾਈਂ ਸਾਮਰਾ ਹੈ ਗੁਰੂ ਗੋਰਖ ਖੂਹੋਂ ਕੱਢੂ ਆਇਕੇ। ਵੱਢਕੇ ਤਾਂ ਪਿਤਾ ਖੂਹ ਸਿੱਟ ਦੇਵੇ ਬੇਲਾ ਸਿੰਘਾ ਫੁੱਲਾਂ ਵਾਂਗੂੰ ਅਸੀਂ ਆਈਏ ਭਗਤ ਨੂੰ ਟਿਕਾਇਕੇ ।



Digitized by Panjab Digital Library | www.panjabdigilib.org

॥੩੮॥ ਓਸ ਵੇਲੇ ਰਾਜੇ ਨੇ ਹੁਕਮ ਦਿਤਾ ਪੰਡਤਾਂ ਨੂੰ ਝਟ ਪਟ ਪੰਡਤਾਂ ਨੂੰ ਸਦ ਘਰ ਆਪਦੇ। ਖੋਲਕੇ ਤਾਂ ਪੁਸਤਕ ਬਤਾਵੇ ਛੇਤੀ ਮੇਰੇ ਤਾਈਂ ਲਗਨ ਨਛੱਤਰ ਜੋ ਕੈਸੇ ਦਿੱਸਣ ਜਾਪਦੇ। ਖੋਲਕੇ ਤਾਂ ਪੱਤ੍ਰੀ ਬਤੌਣ ਜੈਸੀ ਰਾਜੇ ਤਾਈਂ ਭੋਰੇ ਵਿਚ ਬਾਰਾਂ ਸਾਲ ਬਾਲ ਰਹੇ ਆਖਦੇ। ਬਾਰਾਂ ਸਾਲ਼ ਮੁਖ ਨਹੀ ਲੱਗਣਾ ਹੈ ਬੇਲਾਸਿੰਘਾ ਰਾਜੇ ਤਾਈਂ ਪੰਡਤ ਤਮਾਮ ਜੋਸ਼ੀ ਆਖਦੇ ॥੩੯॥

ਕੋਰੜਾ ਛੰਦ ਆਣਕੇ ਜੋ ਪੰਡਤਾਂ ਸੁਣਾਇਆ ਹਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਪੁਸਤਕ ਅਸਾਡੇ ਸਾਰੇ ਹੈਂ ਪੁਕਾਰਦੇ। ਪੂਰਨ ਭਗਤ ਭੋਰੇ ਮੇਂ ਉਤਾਰਦੇ। ਜੇਤਾਂ ਬਾਹਰ ਰਿਹਾ ਹੋਏ ਜਾਊ ਕਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਜੇਤਾਂ ਬਾਹਰ ਰਿਹਾ ਨਹੀ ਆਪ ਮਰੂਗਾ। ਨਹੀ ਓਦਾ ਪਿਤਾ ਇਕ ਬਿੰਦ ਜਰੂਗਾ। ਜੇ ਨਾ ਗੱਲ ਦੋਹਾਂ ਵਿਚੋਂ ਹੋਈ ਸਚਰੀ। ਅੱਗ ਵਿਚ ਸਾੜ ਅਸੀਂ ਦੇਈਏ ਪੱਤ੍ਰੀ। ਤਿੰਨਾਂ ਗੁਣਾਂ ਕਾਰਨੇ ਪੂਰਨ ਬਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਕੇੜ੍ਹੇ ਤਿੰਨ ਗੁਣ ਮੈ ਸੁਣਾਵਾਂ ਸੱਚਰੀ। ਅੱਗ ਵਿਚ ਸਾੜ ਅਸੀਂ ਦੇਈਏ ਪੱਤ੍ਰੀ। ਜਦੋਂ ਇਸ਼ਨਾਨ ਕੀਤਾ ਵਿਚ ਤਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਪੈਹਲਾ ਗੁਣ ਬਚਨ ਗੋਰਖ ਨਾਥਦਾ। ਦੂਜੀ ਚਲਕੌਰ ਸੂਰਜ ਬੀ ਭਾਖਦਾ। ਤੀਜਾ ਬੱਗਾ ਸ਼ੇਰ ਆਣ ਲੱਗਾ ਪੱਥਰੀ। ਅੱਗ ਵਿਚ ਸਾੜ ਅਸੀਂ ਦੇਈਏ ਪੱਤ੍ਰੀ। ਬੁੱਧ ਏਦੇ ਵਿਚ ਪੂਰਨ ਬ੍ਰਹਮ ਦੀ। ਬੋਲੀਏ ਜੇ ਝੂਠ ਨਹੀਂ ਬਾਤ ਕੰਮ ਦੀ। ਭਗਤੀ ਦੇ ਰਸਤੇ ਦੀ ਚਲੂ ਚਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਭਗਤ ਪ੍ਰਮਾਤਮਾਂ ਦਾ ਹੋਊ ਸੱਚਰੀ। ਅੱਗ ਵਿਚ ਸਾੜ ਅਸੀਂ ਦੇਈਏ ਪੱਤ੍ਰੀ। ਪੈਹਲੇ ਅਸਥਾਨ ਮੰਗਲ ਬੈਠਾ ਆਣਕੇ। ਦੂਸਰੇ ਸ਼ੁਕਰ ਤੀਜੇ ਸ਼ਨੀ ਸ਼ਾਣ

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

ਕੇ। ਚੌਥੇ ੮ ਪ ਸੂਰਜ ਰਹੂਗਾ ਸਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਛੇਵੇਂ ਕੇਤੂ ਸੱਤੇ ਬ੍ਰਸਪਤ ਸ਼ੱਤ੍ਰੀ। ਅੱਗ ਵਿਚ ਸਾੜ ਅਸੀਂ ਦੇਈਏ ਪਤ੍ਰੀ। ਦਸਵੇਂ ਚੰਦਰ ਰਾਹੂ ਹੈਗਾ ਬਾਹਰਵੇਂ। ਪੂਰਾ ਜੋ ਕੁੰਡਲੀ ਭਗਤ ਦੇ ਕਾਰ ਮੇ। ਸੁਣ ਇੰਨੀ ਗੱਲ ਰਾਜੇ ਕੀਤੀ ਚਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਹੁਕਮ ਦਿਤਾ ਰਾਜੇ ਨੇ ਵਜੀਰ ਪ੍ਰਤ੍ਰੀ। ਅੱਗ ਵਿਚ ਸਾੜ ਅਸੀਂ ਦੇਈਏ ਪਤ੍ਰੀ। ਹੁਕਮ ਜੇੜਾ ਲਗਾ ਸਚੇ ਕਰਤਾਰ ਦਾ। ਪੂਰਨ ਨੂੰ ਰਾਜਾ ਭੋਰੇ ਮੇਂ ਉਤਾਰਦਾ। ਗੋਲੀਆਂ ਸੁਮੇਤ ਖਰਚ ਬਾਰਾਂ ਸਾਲ ਦਾ। ਪੂਰਨ ਨੂੰ ਭੋਰੇ ਵਿਚ ਰਾਜਾ ਪਾਲਦਾ। ਵਿਚੇ ਸਿਖਲੌਂ ਦੇਹੈਂ ਹੁਨਰ ਛੱਤ੍ਰੀ। ਅੱਗ ਵਿਚ ਸਾੜ ਅਸੀਂ ਦੇਈਏ ਪਤ੍ਰੀ। ਪੂਰਨ ਨੂੰ ਭੋਰੇ ਵਿਚ ਦਿਤਾ ਹੈ ਪਾਇ ਜੀ। ਲੂਣਾ ਵਾਲਾ ਹਾਲ ਮੈਂ ਦਿਆਂ ਸੁਣਾਇ ਜੀ। ਜਿਸ ਤੌਰ ਲੂਣਾ ਬਿਆਹੀ ਰਾਜੇ ਨਾਲ ਜੀ। ਪੂਰਨ ਨੂੰ ਭੋਰੇ ਵਿਚ ਲੈਣਾ ਪਾਲ ਜੀ। ਦੋਸਤਾਂ ਕੋ ਹਾਲ ਮੈਂ ਸੁਣਾਊਂ ਸਾਰਾ ਜੀ। ਕਿੱਸਾ ਮੈਂ ਬਨਾਇਆ ਸੰਨ ਉਨੀ ਠਾਰਾਂ ਜੀ। ਬੇਲਾ ਸਿੰਘਾ ਹਾਲ ਤੂੰ ਸੁਣਾਦੇ ਸੱਚਰੀ। ਅੱਗ ਵਿਚ ਸਾੜ ਅਸੀਂ ਦੇਈਏ ਪਤ੍ਰੀ ॥੪੦॥ ਦੋਹਰਾ ॥ ਲੂਣਾ ਪਰੀ ਜੋ ਇੰਦ ਦੇ ਕਰਦੀ ਨਾਚ ਹੁਮੇਸ਼। ਓਥੋਂ ਪੀਪਾ ਲੈ ਆਇਆ ਇਕ ਚੰਨਣ ਬੂਟਾ ਸ਼ੇਸ਼ ॥੪੧॥ ਕਬਿਤ॥ ਲੂਣਾ ਦਾ ਬਿਆਨ ਮੈਂ ਸੁਣਾਂਵਦਾ ਹਾਂ ਦੋਸਤਾਂ ਕੋ ਜਿਸਤੌਰ ਰਾਜੇ ਨੇ ਬਿਆਹ ਆਂਦੀ ਪਰੀ ਜੇ। ਇੰਦਰ ਅਖਾੜੇ ਨਾਚ ਕਰੇ ਨਾਲ ਪਰੀਆਂ ਦੇ ਹੋਰ ਕਿਤੇ ਜਾਵੇ ਨਾ ਧਿਆਵੇ ਇੰਦ ਹਰੀ ਜੇ। ਚੰਨਣ ਦਾ ਬੂਟਾ ਸੀ ਅਖਾੜੇਵਿਚ ਲਗਾ ਹੂਆ ਛਾਵੇਂ ਓਦੀ ਬੈਠਦੀ ਹੁਮੇਸ਼ ਲੂਣਾ ਪਰੀ ਜੇ। ਲੂਣਾ ਉਤੇ ਆਸ਼ਕ ਚੰਨਣ ਹੋਇਆ ਬੇਲਾਸਿੰਘਾ ਲੂਣਾ ਪਿਛੇ ਆਊ ਛੱਡ ਮਾਤ ਲੋਕ ਸਰੀ ਜੇ॥੪੨॥ ਹਾਲ ਮੈਂ ਸੁਣਾਵਾਂ ਕੁਛ ਬਾਗ ਵਾਲਾ ਦੋਸਤਾਂਕੋ ਰਾਜੇ



Digitized by Panjab Digital Library | www.panjabdigilib.org

ਸਲਵਾਨ ਦਾ ਜੋ ਬਾਗ ਮਸ਼ਹੂਰ ਹੈ। ਸੁਕਰ ਜੋ ਮਾਲੀ ਸੀ ਹੁਮੇਸ਼ ਰੈਂਹਦਾ ਬਾਗ ਵਿਚ ਨੌਕਰ ਜੋ ਰਾਜੇ ਦਾ ਹੁਮੇਸ਼ ਭਰਪੂਰ ਹੈ। ਇੰਦਰ ਅਖਾੜੇ ਵਿਚੋਂ ਪਰੀਆਂ ਜੋ ਛੇ ਔਣ ਰੋਜ ਆਕੇ ਨਹਾਵਣ ਤਲਾਏ ਮੇਂ ਜਰੂਰ ਹੈ। ਸ਼ੁਕਰ ਜੋ ਮਾਲੀ ਡਰੇ ਪਰੀਆਂ ਤੋਂ ਬੇਲਾ ਸਿੰਘਾ ਛਡ ਦੇਈਏ ਨੌਕਰੀ ਏਹ ਮਾਰਨ ਜਰੂਰ ਹੈ॥੪੩॥ ਸੁਕਰ ਜੋ ਮਾਲੀ ਨੇ ਪੁਕਾਰ ਕੀਤੀ ਰਾਜੇ ਅਗੇ ਆਖਦਾ ਹੈ ਬਾਗ ਰਾਜਾ ਆਪਣਾ ਸੰਭਾਲ ਜੀ। ਇੰਦਰ ਅਖਾੜੇ ਵਿਚੋਂ ਪਰੀਆਂ ਜੋ ਛੇ ਔਣ ਰੋਜ ਆਕੇ ਨਹਾਵਣ ਤਲਾਏ ਨੂੰ ਗੰਧਾਲ ਜੀ। ਨਹਾਏ ਧੋਏ ਜਾਣ ਉਡ ਫੇਰ ਅਸਮਾਨ ਵਲ ਕਰ ਤਕੜਾਈ ਰਾਖੇ ਹੋਰ ਤੂੰ ਬਹਾਲ ਜੀ। ਤੇਰੇ ਬਾਗ ਵਾਲੀ ਰਾਖੀ ਸੋਈ ਕਰੇ ਬੇਲਾਸਿੰਘਾ ਪਰੀਆਂ ਦੇ ਹਥੋਂ ਜਿਦਾ ਲਿਖਾ ਹੋਊ ਕਾਲ ਜੀ॥੪੪॥ਸੁਕਰ ਜੋ ਮਾਲੀ ਘਰ ਆਪਣੇ ਨੂੰ ਚਲਾ ਗਿਆ ਰਾਜੇ ਸਲਵਾਨ ਮਾਲੀ ਹੋਰ ਸੀ ਬਹਾਲਿਆ। ਪੀਪਾ ਜੋ ਭਗਤ ਮਸ਼ਹੂਰ ਚੰਮਿਆਰ ਸਾਰੇ ਆਣਕੇ ਤਲਾਇ ਦੇ ਕਨਾਰੇ ਬੂਟਾ ਲਾਲਿਆ। ਵੈਂਙਣ ਤੇ ਆੜੂਆਂ ਅਨੇਕ ਬੂਟੇ ਨਾਸਪਾਤੀ ਕਈ ਤੌਰ ਪੀਪੇ ਸਾਰਾ ਬਾਗ ਜੋ ਸਜਾਲਿਆ। ਐਸੀ ਵਾੜ ਕੀਤੀ ਸੀ ਉਦਾਲੇ ਸਾਰੇ ਬੇਲਾਸਿੰਘਾ ਬਾਗ ਅਗੇ ਬੈਠਾ ਧੂਆਂ ਲਕੜਾਂ ਦਾ ਲਾਲਿਆ। ॥੪੫॥ਛੀਏ ਪਰੀਆਂ ਲੂਣਾ ਹੋਰੀ ਨਹਾਵਣ ਤਲਾਏ ਆਈਆਂ ਖਿਲੀ ਪੌਣ ਜੋਰ ਸੇ ਤਮਾਸ਼ੇ ਕਰਨ ਵੋਣ ਜੀ। ਤਾਲ ਵਿਚੋਂ ਨ੍ਹਾਏ ਕੇ ਤਾਂ ਉਡਣ ਪ੍ਰੇਮ ਨਾਲ ਲੂਣਾ ਦੇ ਜੋ ਪਲੇ ਚਾਰੇ ਵੈਂਙਣ ਨੂੰ ਛੋਹਣ ਜੀ। ਵੈਙਣ ਦੇ ਬੂਟਿਆਂ ਨੂੰ ਛੋਹਿਆ ਲੜ ਲੂਣਾ ਵਾਲਾ ਦੇਹੀ ਓਦੀ ਭਾਰੀ ਹੋਈ ਬੂਟੇ ਨਾਲ ਛੋਹਣ ਜੀ। ਉਡ ਨਹੀਂ ਸਕਦੀ ਪਰਾਂ ਦੇ ਬਿਨਾਂ ਬੇਲਾਸਿੰਘਾ ਬੈਠੀ ਰਹੀ ਲੂਣਾ ਪਰੀਆਂ ਉਡ ਗਈਆਂ ਰੋਹਣ ਜੀ॥੪੬॥ਊਦਿਓ ਵੇ ਵੈਂਙਣੇ ਸੁਣਾਂਵਦੀ


Digitized by Panjab Digital Library | www.panjabdigilib.org

ਤੁਸਾਡੇ ਤਾਈਂ ਝੱਫਣ ਤੁਹਾਨੂੰ ਆਈ ਭੁਸੀ ਹੋਏ ਡੈਣ ਵੇ। ਬਿੰਦਕੁ ਅਖਾੜੇ ਜੇ ਨਾ ਗਈ ਏਥੋਂ ਘੜੀ ਇਕ ਨਦੀਆਂ ਦੇ ਪੁਠੇ ਅੱਜ ਵਗ ਜਾਣ ਵੈਂਹਣ ਵੇ। ਸੂਰਜ ਤੇ ਚੰਦ ਨਾ ਦਿਖਾਲੀ ਦੇਊ ਅੱਜ ਏਥੇ ਪਰੀਆਂ ਦੇ ਵਿਚ ਜੋ ਭੁੰਚਾਲ ਅਜ ਪੈਂਹਣ ਵੇ। ਗੌੜ ਤੇ ਬ੍ਰਹਮਾਂ ਲਈ ਦਰਵ ਏਥੇ ਬੇਲਾਸਿੰਘਾ ਅੱਜ ਮੈਨੂੰ ਭਾਰੀ ਹੋਈ ਬਾਗ ਵਿਚ ਰੈਹਣ ਵੇ॥੪੭॥ਲੂਣਾ ਦਾ ਬੁਲਾਰਾ ਕੰਨ ਪੀਪੇ ਦੇ ਜੋ ਪਏ ਜਾਂਦਾ ਰਮਾਰਮੀ ਪੀਪਾ ਵਲ ਲੂਣਾ ਦੇ ਹੈ ਆਂਵਦਾ। ਬਾਗ ਵਿਚ ਚਿੜੀ ਨਾ ਫਰਕੇ ਏਥੇ ਅਜ ਕਲ ਬੋਲਤੇ ਬੁਲਾਰਾ ਯਾਰੋ ਕੇੜੀ ਤੁਰੋਂ ਆਂਵਦਾ। ਬਾਰ ਅਗੇ ਬੈਠਾ ਹੋਰ ਰਾਹਾ ਨਹੀਂ ਲੰਘਣੇ ਨੂੰ ਬੋਲਤੇ ਬੁਲਾਰਾ ਮੈਨੂੰ ਗੈਬੋਂ ਨਜਰ ਆਂਵਦਾ। ਮੋਢੇ ਉਤੇ ਮੋਹੜਾ ਓਹਦੇ ਜੰਡ ਦਾ ਸੀ ਬੇਲਾਸਿੰਘਾ ਦਬਾ ਦਬ ਪੀਪਾ ਪਾਸ ਲੂਣਾ ਦੇ ਹੈ ਆਂਵਦਾ॥੪੮॥ਪੀਪਾ ਕਹੇ ਪਰੀ ਜਾਂ ਫ੍ਰੇਸਤਾ ਕੇ ਜਿੰਨ ਭੂਤ ਸਚ ਸਚ ਦਸ ਤੂੰ ਬਤਾਦੇ ਗੱਲਾਂ ਸੱਚੀਆਂ। ਰਾਜੇ ਸਲਵਾਨ ਦਾ ਜੋ ਬਾਗ ਮੈਂ ਅਬਾਦ ਕੀਤਾ ਉਡੇ ਉਡ ਪੰਛੀ ਨਾ ਖਾਣ ਨਾਖਾਂ ਕੱਚੀਆਂ। ਪੀਪਾ ਮੈਂ ਜੋ ਗਿਜਾ ਰੋਜ ਲੈਣ ਤਰਕਾਰੀ ਆਂ ਨੂੰ ਆੜੂ ਅਤੇ ਵੈਂਙਣ ਤੁਮਾਮ ਲਾਈਆਂ ਲਾਚੀਆਂ॥ਵਿਥਿ ਆ ਤੂੰ ਆਪਣੀ ਤਮਾਮ ਦਸੀਂ ਬੇਲਾਸਿੰਘਾ ਕੌਣ ਤੂੰ ਬਲਾਏ ਮੈਨੂੰ ਗੱਲਾਂ ਦਸੀਂ ਸਚੀਆਂ॥੪੯॥ਬੋਲਦੀਹੈ ਲੂਣਾ ਮੈਂ ਤਾਂ ਜਿੰਨ ਨਾ ਚੁੜੇਲ ਭੂਤ ਧਰਮੀ ਤਲਾਏ ਲਾਏ ਪਾਪੀ ਲਾਏ ਬੂਟ ਜੀ। ਵੈਂਙਣ ਦੇ ਨਾਲ ਲੜ ਛੋਹਿਆ ਮੇਰਾ ਉਡਣ ਲਗੀ ਉਡ ਨਹੀਂ ਸਕੀ ਦੇਹੀ ਹੋਈ ਭਾਰੀ ਝੂਠ ਜੀ। ਬਾਹਾਂ ਨਾ ਪੁਚਾਏ ਸਕੀ ਰਬ ਨਾ ਸੁਣੇਂਦਾ ਕੂਕ ਉਡ ਗਈਆਂ ਪਰੀਆਂ ਜੋ ਨਾਲ ਮੇਰੇ ਜੂਟ ਜੀ। ਆਪਣੇ ਤੂੰ ਘਰ ਮੈਨੂੰ ਲੈਏ ਚਲ ਬੇਲਾਸਿੰਘਾ ਹੋਰ ਨਾ ਦੁਆਰਾ ਜਿਥੇ ਜਾਏ ਕਰਾਂ ਕੂਕ ਜੀ॥੫੦॥ਆਖਦਾ ਹੈ ਪੀਪਾ



Digitized by Panjab Digital Library | www.panjabdigilib.org

ਮੇਰੇ ਘਰ ਵਿਚ ਨਾਰ ਅਗੇ ਤੈਨੂੰ ਨਹੀਂ ਰੈਹਣ ਦੇਊ ਸਟੂਗੀ ਓਧਾਲ ਨੀ। ਕਰੂਗੀ ਲੜਾਈ ਨਾਲੇ ਮੇਰੀ ਦਾਹੜੀ ਵਲ ਵੇਖ ਕਾਲਿਆਂ ਤੇ ਬਗੇ ਮੇਰੇ ਹੋਏ ਗਏ ਬਾਲ ਨੀ। ਪੁਤ੍ਰੀ ਧਰਮ ਵਾਲੀ ਬਣ ਘਰ ਚਲ ਸਾਡੇ ਹੈ ਮੰਨਜੂਰ ਤੂੰ ਤਾਂ ਉਠ ਤੁਰ ਨਾਲ ਨੀ। ਨਹੀਂ ਤਾਂ ਜਬਾਬ ਮੈਨੂੰ ਛੇਤੀ ਦੇਹ ਬੇਲਾਸਿੰਘਾ ਨਹੀਂ ਉਠ ਆਪਣਾ ਟਿਕਾਣਾ ਕੋਈ ਭਾਲ ਨੀ॥ਪ ੧॥ਪੁਤ੍ਰੀ ਧਰਮ ਦੀ ਬਣਾਕੇ ਪੀਪਾ ਘਰ ਗਿਆ ਅਗੇ ਨਾਰ ਵੇਖ ਓਦੀ ਮਥੇ ਵਟ ਪਾਂਵਦੀ। ਬੋਲਕੇ ਤਾਂ ਲੋਕ ਤੈਨੂੰ ਪੀਪਾ ਜੋ ਭਗਤ ਕੈਂਹਦੇ ਨਾਰੀਆਂ ਬਗਾ ਨੀਆਂ ਨੂੰ ਅਜੇ ਸੂਰਤ ਚਾਂਹਵਦੀ। ਕਾਲਿਆਂ ਤੇ ਬਗੇ ਕੇਸ ਹੋ ਗਏ ਤੁਮਾਮ ਤੇਰੇ ਉਮਰ ਬਰਸ ਸੌ ਨੂੰ ਜੋ ਢੁਕੀ ਤੇਰੀ ਜਾਂਵਦੀ। ਜੋਹੜੇ ਦੇਸੋਂ ਆਂਦੀ ਆਵੀਂ ਛੱਡ ਓਥੇ ਬੇਲਾਸਿੰਘਾ ਨਹੀਂ ਮੈਂ ਕਟਾਰੀ ਖਾਕੇ ਹੁਣੇ ਮਰ ਜਾਂਵਦੀ॥ਪ ੨॥ਆਖਦਾ ਹੈ ਪੀਪਾ ਮੈਂ ਤਾਂ ਪੁਤ੍ਰੀ ਬਣਾਕੇ ਆਂਦੀ ਹੋਰ ਕੋਈ ਦਿਲ ਉਤੇ ਭਰਮ ਨਾ ਲਿਆਵਣਾ। ਪੁਤ੍ਰੀ ਜਾਂ ਸੁਣੀ ਨਾਰ ਖੁਸ਼ ਹੋਕੇ ਬੈਠ ਜਾਂਦੀ ਤਦੋਂ ਓਨ ਲੂਣਾ ਦਾ ਜੋ ਆਦਰ ਕਰਾਵਣਾ। ਧੀਆਂ ਭੈਣਾਂ ਵਾਂਗ ਰੋਜ ਕੰਮ ਕਰੇ ਘਰ ਵਿਚ ਪਾਣੀ ਰੋਜ ਜਾਇਕੇ ਤੇ ਖੂਹ ਤੋਂ ਲਿਆਵ ਣਾ। ਮਾਪਿਆਂ ਦੇ ਵਾਂਗ ਰੋਜ ਟੈਹਲ ਕਰੇ ਬੇਲਾਸਿੰਘਾ ਹੋਰ ਨਾ ਗੁਮਾਨ ਕੋਈ ਦਿਲ ਤੇ ਲਿਆਵਣਾ ॥ ਪ ੩ ॥ ਕੋਰੜਾ ਛੰਦ ॥ ਬੂਟਾ ਸੀ ਚੰਨਨ ਦਾ ਅਖਾੜੇ ਇੰਦ ਜੇ। ਲੂਣਾ ਉਤੇ ਆਸ਼ਕ ਨਾ ਰਹੇ ਬਿੰਦ ਜੇ। ਘਰ ਚੰਮਿਆਰਾਂ ਦੇ ਚੰਨਣ ਆ ਗਿਆ। ਮਾਤ ਲੋਕ ਵਿਚ ਫੇਰਾ ਓਹੋ ਪਾ ਗਿਆ ॥ ਛਡੀਆਂ ਸੀ ਲਗਰਾਂ ਚੰਨਣ ਜਾਣ ਲੋ। ਘਰ ਚੰਮਿਆਰਾਂ ਦੇ ਤੂੰ ਸੱਚ ਮਾਣ ਲੋ। ਪੁਛੇ ਲੂਣਾ ਚੰਨਣਾ ਏਹ ਗੱਲ ਮਾੜੀ ਜੋ ਘਰ ਚੰਮਿਆਰਾਂ ਦੇ ਲਗਾਈ ਵਾੜੀ ਜੋ॥ ਭਗਤੀ ਦੇ ਵਿਚ ਕੀ ਹੈ ਪੈਗਈ ਭੰਗਣਾ। ਕੁੰਨੀ


Digitized by Panjab Digital Library | www.panjabdigilib.org

 16970

ਲਗਾ ਆਨ ਜਿਥੇ ਚੰਮ ਰੰਗਣਾ। ਭਗਤੀ ਦੇ ਵਿਚ ਕੀ ਹੋਈ ਅਵੱਗਿਆ। ਕਿਸ ਵਿਧ ਤੈਨੂੰ ਭਗਵਾਨ ਛਡਿਆ। ਇੰਦਰਾ ਪੁਰੀ ਨੂੰ ਛੱਡ ਏਥੇ ਆਗਿਆ। ਲੂਣਾ ਪੁਛੇ ਤੈਨੂੰ ਏਥੇ ਕੌਣ ਲਾਗਿਆ। ਇੰਦ ਪੁਰੀ ਮੈਥੋਂ ਬੀ ਛੁਡਾਈ ਰਬ ਨੇ। ਆਪਾ ਦੋਵੇਂ ਕਠੇ ਕੀਤੇ ਜੋ ਸਬਬ ਨੇ। ਚੰਨਣ ਸੁਣਾਵੇ ਲੂਣਾ ਤਾਈਂ ਬਾਤੀਆਂ। ਘਰ ਚੰਮਿਆਰਾਂ ਦੇ ਨਾ ਦਸੀ ਸਾਤੀਆਂ। ਵੱਢਕੇ ਤਾਂ ਲੈਣ ਮੋਗਰੇ ਬਣਾਏਂ ਨੀ। ਚੰਨਣ ਮਲੂਮ ਚੰਮਿਆਰਾਂ ਲਾਏ ਨੀ। ਏਹਨੀਂ ਗਲੀਂ ਮੈਨੂੰ ਪੀਪੇ ਭਰਮਾ ਲਿਆ। ਹਾਲ ਤੈਨੂੰ ਲੂਣਾ ਸਾਰਾ ਮੈਂ ਸੁਣਾਲ਼ਿਆ। ਪੀਪਾ ਇੰਦ ਖਾੜੇ ਮੈਂ ਸੀ ਨਿਤ ਜਾਵਦਾ। ਗਲਾਂ ਬਾਤਾ ਮੈਨੂੰ ਰੋਜ ਸੀ ਸੁਣਵਾਂਦਾ। ਸਿਲ ਪਥਰ ਬੈਠ ਕਹੇ ਗੰਗਾ ਵੱਗਦੀ। ਓਥੇ ਲਾਏ ਝੂਠ ਮੈਂ ਕਸਮ ਰਬ ਦੀ। ਅਜਰਾਈਲ ਰਹੇ ਜੋ ਅਲਾਹਾ ਸ਼ੇਸ਼ ਦਾ। ਪੀਪਾ ਰੋਜ ਜਾਵੇ ਮੈਨੂੰ ਉਪਦੇਸ਼ ਦਾ। ਏਸੇ ਤੌਰ ਚੰਨਣ ਨੇ ਜੋੜੀਆਂ ਛਡੀਆਂ। ਘਰ ਚੰਮਿਆਰਾਂ ਦੇ ਲਗਾਏ ਛਡੀਆਂ। ਬੇਲਾਸਿੰਘ ਹਾਲ ਜੋ ਸੁਣਾਇਆ ਕੁਲ ਨੀ। ਘਰ ਚੰਮਿਆਰਾਂ ਦੇ ਦਸੀਂ ਭੁਲ ਨੀ॥੫੪॥ਦੋਹਰਾ॥ਪੀਪਾ ਭਗਤ ਚੁਮਾਰ ਜੋ ਨੌਕਰ ਰਾਜੇ ਜਾਨ। ਸ਼ਾਦੀ ਲੂਣਾ ਨਾਲ ਜੋ ਰਾਜਾ ਕਰਦਾ ਆਨ॥੫੫॥ਕਬਿਤ॥ਇਕ ਰੋਜ ਲੂਣਾ ਪਾਨੀ ਭਰਦੀ ਸੀ ਖੂਹ ਉਤੇ ਰਾਜਾ ਸਲਵਾਨ ਜੋ ਸ਼ਿਕਾਰ ਖੇਲਣ ਜਾਂਵਦਾ। ਖੂਹੇ ਉਤੇ ਲੂਣਾ ਤਾਈਂ ਵੇਖ ਲੀਤਾ ਆਪ ਰਾਜੇ ਖਾਇਕੇ ਤਾਂ ਗਸ਼ ਜੋ ਬਹੋਸ਼ ਹੋਇ ਜਾਂਵਦਾ। ਹੋਸ਼ ਆਈ ਪੁਛੇ ਰਾਜਾ ਕੋਲ ਆਕੇ ਪਦਮਣੀ ਦੇ ਕਿਸਦੀ ਤੂੰ ਬੇਟੀ ਨਾਮ ਬਾਪ ਕੀ ਸਦਾਂਵਦਾ। ਭਰਕੇ ਪਿਆਦੇ ਡੋਲ ਠੰਡਾ ਪਾਨੀ ਬੇਲਾਸਿੰਘਾ ਏਤਨੀ ਜੋ ਗਲ ਦਾ ਸੁਆਲ ਰਾਜਾ ਪਾਂਵਦਾ॥੫੬॥ਆਖਦੀ ਹੈ ਲੂਣਾ ਪੀਪੇ ਭਗਤ ਦੀ ਮੈਂ ਪੁਤ੍ਰੀ ਹਾਂ ਨਾਮ ਮੇਰਾ ਲੂਣਾ ਜਹਾਨ ਸਾਰਾ ਜਾਣਦਾ। ਜਾਤ ਮੇਰ।


Digitized by Panjab Digital Library | www.panjabdigilib.org

ਪਰੀਆਂ ਦੀ ਅਖਾੜੇ ਰਹਾਂ ਇੰਦ ਵਾਲੇ ਪੁਤ੍ਰੀ ਧਰਮ ਦੀ ਜੋ ਪੀਪਾ ਮੈਨੂੰ ਜਾਣਦਾ। ਕਰਨਾ ਬਿਆਹਾ ਮੇਰਾ ਦੇਖ ਘਰ ਚੰਗਾ ਕੋਈ ਪੁਛਨਾ ਨਿਸ਼ੰਗ ਜੇ ਤੂੰ ਪੀਪੇ ਤਾਈਂ ਜਾਣਦਾ। ਕਰ ਲਈ ਸਲਾਹਾ ਦੋਹਾਂ ਇਕ ਮਿਕ ਬੇਲਾਸਿੰਘਾ ਪੁਛਦਾ ਹੈ ਰਾਜਾ ਹੁਣ ਪੀਪੇ ਘਰ ਠਾਣ ਦਾ॥੫੭॥ਰਾਜੇ ਨੇ ਜਾਂ ਕਿਹਾ ਤਦੋਂ ਪੀਪੇ ਨੇ ਸ਼ੀ ਮੰਨ ਲੀਤਾ ਬਿਆਹਾ ਵਾਲਾ ਦਿਨ ਜੋ ਮੁਕਰਰ ਹੈ ਕਰਾਂਵਦਾ। ਜਗ ਦੀ ਰਸਮ ਨਾਲ ਰਾਜੇ ਨੇ ਬਿਆਹ ਆਂਦੀ ਘਰ ਜਦੋਂ ਆਈ ਤਦੋਂ ਸ਼ੁਕਰ ਮਨਾਂਵਦਾ। ਲੂਣਾ ਦਾ ਹੁਸਨ ਜਿਉਂ ਮਸਾਲ ਚੇਹਰਾ ਮਚਦਾ ਹੈ ਨਕ ਖੰਡੇ ਧਾਰ ਸਾਰੀ ਸਿਫਤ ਸੁਣਾਂਵਦਾ। ਐਸੀ ਸੋਹਣੀ ਨਾਰ ਨਹੀਂ ਵੇਖੀ ਜਗ ਬੇਲਾ ਸਿੰਘਾ ਪਤਲੇ ਹੈਂ ਅੰਗ ਤੇ ਅਵਾਜ਼ ਬੀਨ ਗਾਂਵਦਾ॥੫੮॥ਲੂਣਾ ਦਾ ਬਿਆਨ ਸਾਰਾ ਖਤਮ ਹੋਇਆ ਦੋਸਤੋ ਓਇ ਅਗੇ ਹਾਲ ਪੂਰਨ ਦਾ ਸ਼ੁਰੂ ਹੈ ਕਰਾਂਵਦੇ। ਸ਼ਾਸਤ੍ਰੀ ਤੇ ਫਾਰਸੀ ਪੜ੍ਹਾਂਵਦੇਹੈਂ ਭੋਰੇ ਵਿਚ ਤੀਰ ਤੇ ਕਮਾਨ ਜੋ ਚਲੌਣ ਹੈਂ ਸਿਖਾਂਵਦੇ। ਢਾਲ ਤਲਵਾਰ ਦੀ ਜੋ ਰੋਕ ਮਾਰ ਸਿੱਖਦਾ ਹੈ ਰਫਲ ਬੰਦੂਕ ਪਸਤੌਲ ਹੈ ਚਲਾਂਵਦੇ। ਹੁਨਰਾਂ ਦੇ ਵਿਚ ਭਰਪੂਰ ਹੋਇਆ ਬੇਲਾਸਿੰਘਾ ਮਾਈ ਬਾਪ ਪੂਰਨ ਦੇ ਖੁਸ਼ੀਆਂ ਮਨਾਂਵਦੇ॥੫੯॥ਬਾਰਾਂ ਸਾਲ ਹੋਏ ਜਦੋਂ ਪੂਰਨ ਨੂੰ ਧੌਲਰਾਂ ਮੇਂ ਰਾਜੇ ਨੇ ਹੁਕਮ ਦਿਤਾ ਖਾਸ ਜੋ ਵਜੀਰ ਨੂੰ। ਪੂਰਨ ਭਗਤ ਨੂੰ ਮਹੂਰਤਾਂ ਸੇਂ ਬਾਹਰ ਕਢੋ ਹੋਵੇ ਤਕਲੀਫ ਨਹੀਂ ਪੂਰਨ ਦੇ ਸਰੀਰ ਨੂੰ। ਪੰਡਤ ਨੂੰ ਸਦੋ ਘਰ ਪਤ੍ਰੀ ਲਿਆਵੇ ਛੇਤੀ ਆਖਦਾ ਹੈ ਰਾਜਾ ਪਿਆਰੇ ਅੰਮਰੂ ਵਜੀਰ ਨੂੰ। ਪੰਡਤ ਪੁਕਾਰੇ ਛੇਤੀ ਰਾਜੇ ਤਾਈਂ ਬੇਲਾਸਿੰਘਾ ਅੰਮਰਤ ਵੇਲੇ ਕਢੋ ਪੂਰਨ ਅਮੀਰ ਨੂੰ॥੬੦॥ ਪੂਰਨ ਜਾਂ ਬਾਹਰ ਆਇਆ ਰਾਜੇ ਮੂੰਹ ਚੁੰਮਿਆਂ ਸੀ ਛਾਤੀ ਨਾਲ ਲਾਇਆ ।ਦਿਲ ਠੰਡਾ ਹੋਇਆ ਸੀਤ ਜੀ। ਲਾਗੀ ਅਤੇ



Digitized by Panjab Digital Library | www.panjabdigilib.org

ਮੰਗਤੇ ਤਮਾਮ ਸਦੇ ਰਾਜੇ ਘਰ ਕਰਦਾ ਹੈ ਦਾਨ ਜਿੰਨੀ ਰਾਜੇ ਮੇ ਤੌਫੀਕ ਜੀ। ਸਾਧੂ ਅਤੇ ਬ੍ਰਾਹਮਣਾ ਨੂੰ ਰਾਜੇ ਗਾਈਆਂ ਦਿਤੀਆਂ ਸੀ ਹੋਰ ਜੋ ਗਰੀਬਾਂ ਤਾਈਂ ਮੋਹਰਾਂ ਦੀ ਬਸੀਤ ਜੀ। ਨਾਈਆਂ ਤੇ ਬ੍ਰਾਹਮਣਾ ਨੂੰ ਰਾਜਾ ਕਹੇ ਬੇਲਾਸਿੰਘਾ ਸਾਕ ਕਿਤੇ ਢੂੰਡੋ ਹਾਣ ਪੂਰਨ ਦਾ ਠੀਕ ਜੀ॥੬੧॥ਰਾਜੇ ਨੇ ਬਿਆਹ ਵਾਲੀ ਗੱਲ ਕੀਤੀ ਜਿਸ ਵੇਲੇ ਉਠਕੇ ਤਾਂ ਪੂਰਨ ਜੋ ਅਰਜਾਂ ਗੁਜਾਰ ਦਾ। ਮੈਨੂੰ ਨਹੀਂ ਸ਼ੌਕ ਕੋਈ ਬਿਆਹ ਜੋ ਕਰਾਵਣੇ ਦਾ ਨਾਮ ਪ੍ਰਮਾਤਮਾ ਦਾ ਪਲ ਨਾ ਵਿਸਾਰਦਾ। ਮੇਰੇ ਮਨ ਵਿਚ ਕੋਈ ਨਹੀਂ ਚਾਓ ਜੱਗ ਵਾਲਾ ਬੈਠਕੇ ਅਕੰਤ ਮੈਂ ਤਾਂ ਬੰਦਗੀ ਗੁਜਾਰਦਾ। ਕਾਮ ਤੇ ਕ੍ਰੋਧ ਪਾਸੋਂ ਬਚ ਜਾਵਾਂ ਬੇਲਾਸਿੰਘਾ ਇਕ ਰੋਜ ਅੰਤ ਨੂੰ ਜੋ ਕਾਲ ਹੈ ਸੰਘਾਰਦਾ॥੬੨॥ਦਿਤਾ ਸੀ ਜਬਾਬ ਜਦੋਂ ਪੂਰਨ ਨੇ ਬਾਪ ਤਾਈਂ ਓਸ ਵੇਲੇ ਦਿਲ ਦਿਲਗੀਰੀ ਵਿਚ ਆਂਵਦਾ। ਇਕ ਪੁਤ ਜੰਮਿਆ ਨਸੀਬਾਂ ਨਾਲ ਘਰ ਸਾਡੇ ਜਗ ਵਾਲੀ ਰੀਤ ਨੂੰ ਜੋ ਪਿਛਾਂ ਚਾ ਹਟਾਂਵਦਾ। ਸੁਣਕੇ ਵਜੀਰ ਹੱਥ ਜੋੜ ਖੜਾ ਰਾਜੇ ਅਗੇ ਬਾਲਕ ਨਿਆਣਾ ਦਿਲ ਕਾਸਨੂੰ ਸਤਾਂਵਦਾ। ਜਗ ਵਾਲੀ ਸਾਰ ਅਜੇ ਜਾਣਦਾ ਕੀ ਬੇਲਾਸਿੰਘਾ ਸ਼ਾਦੀਆਂ ਕਰਾਊ ਆਪੇ ਦਿਲ ਜਦੋਂ ਚਾਂਵਦਾ॥੬੩॥ਸੁਣਕੇ ਵਜੀਰ ਪਾਸੋਂ ਰਾਜਾ ਖੁਸ਼ੀ ਵਿਚ ਆਇਆ ਪੂਰਨ ਦੇ ਤਾਈਂ ਇਕ ਬਚਨ ਸੁਣਾਇਆ ਹੈ। ਜਾਓ ਘਰ ਮੈਹਲਾਂ ਵਿਚ ਮੱਥਾ ਟੇਕੋ ਰਾਣੀਆਂ ਨੂੰ ਰਾਜਾ ਆਖੇ ਪੂਰਨਾ ਮੈਂ ਤੁਧ ਨੂੰ ਸੁਣਾਇਆ ਹੈ। ਹੱਥ ਜੋੜ ਪੂਰਨ ਭਗਤ ਮਨਜ਼ੂਰ ਕਰੇ ਏਤਨੇ ਨੂੰ ਲੂਣਾ ਦਾ ਰਸੋਈਆ ਚਲ ਆਇਆ ਹੈ। ਪੱਜ ਜੋ ਰਸੋਈ ਵਾਲੇ ਸੱਦ ਲਿਆ ਬੇਲਾਸਿੰਘਾ ਕਰਨਾ ਦੀਦਾਰ ਦਿਲ ਰਾਣੀ ਦੇ ਜੋ ਆਇਆ ਹੈ॥੬੪॥ਪੂਰਨ ਦਲੀਲ ਦਿਲ ਸੋਚਦਾ ਹੈ ਆਪਣੇ ਮੇਂ ਪੈਹਲਾਂ ਰਾਣੀ ਲੂਣਾ ਦੇ ਜੋ ਮੈਹਲੀ


Digitized by Panjab Digital Library | www.panjabdigilib.org

ਵਲਿ ਜਾਂਵਦਾ। ਪੱਕਨ ਪਕਵਾਨ ਤੇਰੇ ਕੇੜੀ ਜਗਾ ਰਾਣੀਏ ਨੀ ਸੁਨੀਆਂ ਹੈ ਮੰਡਤਾ ਤੇ ਮੈਹਲ ਨਜਰ ਆਂਵਦਾ। ਧਰਮ ਦੀ ਤੂੰ ਮਾਤਾ ਲੂਣਾ ਪਾਪ ਵਾਲੀ ਇੱਛਰਾਂਹੈਂ ਮੱਥਾ ਟੇਕੇ ਪੂਰਨ ਤੇ ਪੈਰੀਂ ਹਥ ਲਾਂਵਦਾ। ਪੱਜ ਤੂੰ ਰਸੋਈ ਵਾਲੇ ਸੱਦ ਲਿਆ ਬੇਲਾਸਿੰਘਾ ਹੋਰ ਤੇਰਾ ਤੌਰ ਚਾਲਾ ਮੈਨੂੰ ਨਜਰ ਆਂਵਦਾ॥੬੫॥ ਪੂਰਨ ਦਾ ਰੂਪ ਵੇਖ ਲੂਣਾ ਪਰੇਸ਼ਾਨ ਹੋਈ ਐਡਾ ਸਾਰਾ ਪੁਤ ਰਾਜੇ ਮੈਨੂੰ ਕਿਓਂ ਬਿਆਹਾ ਸੀ। ਬੁਢੇ ਜੇਹੇ ਰਾਜੇ ਦੀ ਜੋ ਮਾਰੀ ਗਈ ਮੱਤ ਯਾਰੋ ਪੂਰਨ ਦੇ ਨਾਲ ਮੈਨੂੰ ਕਿਓਂ ਨਹੀਂ ਬਿਆਹਾ ਸੀ। ਮਾਰੀ ਜਾਏ ਜੜ ਤੇਰੀ ਰਾਜਿਆ ਦੁਸ਼ਮਣਾ ਓਇ ਭਿਸ਼ਤਾਂ ਸੇ ਕੱਢ ਮੈਨੂੰ ਨਰਕਾਂ ਮੇਂ ਪਿਆਹਾ ਸੀ। ਪੂਰਨ ਦੇ ਸਿਰ ਉਤੇ ਦਿਤਾ ਨਾ ਪਿਆਰ ਸਗੋਂ ਦਿਲ ਮੇ ਕ੍ਰੋਧ ਬੇਲਾਸਿੰਘ ਨੇ ਵਿਧਾਹਾ ਸੀ॥੬੬॥ ਖਾਇਕੇ ਕ੍ਰੋਧ ਫੇਰ ਲੂਣਾ ਕਹੇ ਪੂਰਨ ਨੂੰ ਮੈਨੂੰ ਮੱਥਾਂ ਟੇਕਣ ਤੂੰ ਕੇੜੇ ਸਾਕੋਂ ਆਇਆਵੇ। ਤੇਰੀ ਮੇਰੀ ਉਮਰ ਪਛਾਣ ਪਿਆਰੇ ਇਕੋ ਜੇਹੀ ਜਗਤ ਤਮਾਮ ਸਾਰਾ ਕੀ ਖੱਟ ਲਿਆਇਆ ਵੇ। ਜਗ ਦੀ ਰਸਮ ਵਾਂਗੂ ਆਪਾ ਮੌਜਾਂ ਮਾਣ ਲਈਏ ਮੇਰੇ ਦਿਲ ਪੂਰਨਾ ਜੋ ਏਹੋ ਹੈ ਸਮਾਇਆ ਵੇ। ਰੋਜ ਸ਼ੇਜਾਂ ਮਾਣ ਭਾਵੇਂ ਮੈਹਲਾਂ ਵਿਚ ਬੇਲਾਸਿੰਘਾ ਸੱਚ ਦੱਸੀਂ ਪੂਰਨਾ ਜੋ ਤੇਰੇ ਦਿਲ ਆਇਆ ਵੇ॥੬੭॥ਪੂਰਨ ਭਗਤ ਜੋ ਜਬਾਬ ਕਰੇ ਲੂਣਾ ਤਾਈਂ ਆਖਦਾ ਹੈ ਮਾਤਾ ਮੂੰਹਆਪਣਾ ਸੰਭਾਲ ਨੀ। ਏਨੀ ਗੱਲ ਫੇਰ ਕਦੇ ਕਰੀਂ ਮੇਰੇ ਪਾਸ ਕੇੜੀ ਗੱਲ ਵਾਲਾ ਤੁਪ ਕੀਤਾ ਹੈ ਖਿਆਲ ਨੀ। ਜਿਸਦੀ ਤੂੰ ਇਸਤ੍ਰੀ ਓਹ ਬਾਪ ਮੇਰਾ ਲਗਦਾ ਹੈ ਮਾਤਾ ਤੂੰ ਧਰਮ ਦੀ ਜੋ ਰੱਬ ਕਰ ਖਿਆਲ ਨੀ। ਮਾਵਾਂ ਅਤੇ ਪੁਤ੍ਰਾਂ ਦੇ ਨੇਹੁੰ ਲਗੇ ਬੇਲਾਸਿੰਘਾ ਧਰਤ ਤੇ ਅਕਾਸ਼ ਇਕ ਕਰੂਗਾ ਭੁਚਾਲ ਨੀ॥੬੮॥ਲੂਣਾ ਆਖੇ ਕਿਧਰੋਂ ਭਗਤ ਐਡਾ ਹੋਗਿਆ

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—
Digitized by Panjab Digital Library | www.panjabdigilib.org

ਤੂੰ ਵਡੇ ਵਡੇ ਰਿਖੀ ਮੁਨੀ ਨਾਰੀਆਂ ਵਸਾਂਵਦੇ। ਰਾਮ ਚੰਦ ਜੂਠੇ ਬੇਰ ਖਾਏ ਲੀਤੇ ਭੀਲਣੀ ਦੇ ਸੀਤਾ ਬਦਲੇ ਰੌਣ ਨਾਲ ਜੁੱਧ ਹੈ ਮਚਾਂਵਦ । ਕੁਬੜੀ ਦੇ ਨਾਲ ਕ੍ਰਿਸ਼ਨ ਹੋਗਿਆ ਨਿਹਾਲ ਜਾਣੋ ਘਰ ਮੀਰਾਂ ਬਾਈ ਦੇ ਜੋ ਖਿਚੜੀ ਨੂੰ ਖਾਂਵਦੇ। ਛੋਡ ਦਰ-ਜੋਧਨ ਦੇ ਭੋਜਨ ਜੋ ਬੇਲਾਸਿੰਘਾ ਸਾਗ ਘਰ ਬਿਦਰ ਦੇ ਜੋ ਆਪ ਜਾਕੇ ਖਾਂਵਦੇ॥੬੯॥ਪੂਰਨ ਭਗਤ ਫੇਰ ਆਖਦਾ ਹੈ ਲੂਣਾ ਤਾਈਂ ਓਹਨਾਂ ਨਾਰਾਂ ਆਂਦੀਆਂ ਸੀ ਘਰੀਂ ਜੋ ਬਿਆਹ ਕੇ। ਤੂੰ ਤਾਂ ਉਲਟ ਪੁਲਟ ਦਸਤੂਰ ਕਰੇਂ ਮਾਤਾ ਮੇਰੀ ਪਾਣੀ ਕਿਥੋਂ ਪੀਣਾ ਖੂਹ ਆਪਣੇ ਨੂੰ ਢਾਹਾ ਕੇ। ਗਊ ਅਤੇ ਗਧੇ ਦਾ ਨਾ ਮੇਲ ਕਦੇ ਜੱਗ ਹੋਣਾ ਆਖਦੇ ਹੈਂ ਬੇਦ ਤੇ ਕਤੇਬ ਜੋ ਸੁਣਾ ਕੇ। ਮਾਤਾ ਮੇਰੀ ਧਰਮ ਦੀ ਤੂੰ ਬਣੀ ਰਹੋ ਬੇਲਾਸਿੰਘਾ ਬਾਰੰਬਾਰ ਆਖਦਾ ਹੈ ਪੂਰਨ ਸੁਣਾਹਾ ਕੇ॥੭੦॥ਆਖਦੀ ਹੈ ਲੂਣਾ ਮੇਰਾ ਮਨ ਗਿਆ ਤੇਰੇ ਉਤੇ ਵੇਖ ਸੋਹਣਾ ਰੂਪ ਤੇਰਾ ਮੈਨੂੰ ਨਹੀਂ ਭੁਲਦਾ। ਰਾਜੇ ਨੇ ਬਿਆਹੀ ਕੀਤਾ ਪਾਪ ਭਾਰੀ ਪੂਜਕੇ ਤੇ ਮੈਨੂੰ ਨਾ ਸੀ ਪਤਾ ਤੇਰੇ ਸੋਹਣੇ ਜੇਹੇ ਗੁਲਦਾ। ਹੁੰਦਾ ਮੈਨੂੰ ਪਤਾ ਤੇ ਕਰੌਂਦੀ ਸ਼ਾਦੀ ਤੇਰੇ ਨਾਲ ਅਜੇ ਬੀ ਤੂੰ ਪਾਦੇ ਖੈਰ ਬਾਹਾਂ ਝੂਲੇ ਕੁਲਦਾ।ਅਰਜ ਮੇਰੀ ਇਕ ਮਨਜ਼ੂਰ ਕਰ ਬੇਲਾਸਿੰਘਾ ਛਾਤੀ ਨਾਲ ਲਗੇਂ ਤਾਂ ਗਿਆਨ ਸਾਰਾ ਭੁਲਦਾ॥੭੧॥ਆਖਦਾ ਹੈ ਪੂਰਨ ਨਾ ਭੁਲਣਾ ਗਿਆਨ ਓਨਾਂ ਜਿਨਾਂਹ ਪ੍ਰਮਾਤਮਾ ਨੂੰ ਸਤ ਕਰ ਜਾਣਿਆ । ਮੰਗਦਾ ਹੈ ਲੇਖਾ ਧਰਮ ਰਾਏ ਜਾਣੋ ਬੰਦੇ ਕੋਲੋਂ ਸਾਮਨੇ ਜਾਂ ਕੀਤਾ ਚਿਤ੍ਰ ਗੁਪਤ ਨੇ ਪਛਾਣਿਆ। ਦੱਸੂ ਕੀ ਹਿਸਾਬ ਭਲਾ ਕੰਮ ਕੇੜਾ ਜਗ ਕੀਤਾ ਤਤਿਆਂ ਜੋ ਥੰਮਾਂ ਨਾਲ ਓਸ ਵੇਲੇ ਤਾਣਿਆ। ਕਰੇ ਬਦਫੈਲੀ ਜੇੜਾ ਜਗ ਵਿਚ ਬੇਲਾਸਿੰਘਾ ਹੋਵੇ ਨਾਡੂ ਖਾਨ ਤੇ ਲਿਹਾਜ ਨਹੀ ਜਾਣਿਆ॥੭੨॥ਆਖਦੀ ਹੈ ਲੂਣਾ


Digitized by Panjab Digital Library | www.panjabdigilib.org

ਅਵਾਂ ਡਰ ਪਿਆ ਮਾਰਦਾ ਹੈਂ ਨਰਕ ਤੇ ਸੁਵਰਗ ਏਥੋਂ ਕੋਈ ਵੇਖ ਆਇਆ ਨਾ। ਕਾਜੀਆਂ ਤੇ ਬ੍ਰਾਹਮਣਾ ਨੇ ਡਰ ਦਿਤਾ ਲੋਕਾਂ ਤਾਈਂ ਧਰਮਰਾਜ ਤਾਈਂ ਕੋਈ ਅੱਖੀਂ ਵੇਖ ਆਇਆ ਨਾ। ਜਿਨ੍ਹਾਂ ਮੌਜਾਂ ਮਾਣੀਆਂ ਜੁਆਨੀ ਵਿਚ ਆਸ਼ਕਾਂ ਨੇ ਉਨ੍ਹਾਂ ਤਾਈਂ ਅਗੇ ਕਿਸੇ ਜਰਾ ਬੀ ਬੁਲਾਇਆ ਨਾ। ਵਾਸਤਾ ਜੋ ਰੱਬ ਵਾਲਾ ਇਕ ਮੰਨ ਬੇਲਾਸਿੰਘਾ ਐਸਾ ਜੋ ਗਿਆਨ ਕਦੇ ਕਿਸੇ ਨੇ ਸੁਣਾ-ਇਆ ਨਾ॥੭੩॥ਆਖਦਾ ਹੈ ਪੂਰਨ ਧਰਮ ਰਾਇ ਖਾਸ ਦੀਦਾ ਬੇਦ ਤੇ ਪੁਰਾਣ ਸਾਰੇ ਦੁਨੀਆਂ ਮੇਂ ਭਾਖਦੇ। ਆਪਣੇ ਧਰਮ ਨੂੰ ਗੁਵਾਵੇ ਬੰਦਾ ਜਾਣ ਬੁਝ ਖੱਟਣਾ ਕੀ ਏਸ ਵਿਚੋਂ ਸਿਆਣੇ ਲੋਕ ਆਖਦੇ। ਧਰਮ ਗੁਵੌਣਾ ਕੇੜ੍ਹੀ ਗੱਲ ਪਿਛੇ ਜਾਣ ਬੁਝ ਗਿਆ ਜੋ ਵਖਤ ਕਦੋਂ ਹੱਥ ਆਊ ਆਪਦੇ। ਮਰ ਜਾਣਾ ਓੜਕ ਅਖੀਰ ਜਗ ਬੇਲਾਸਿੰਘਾ ਰੱਸੀ ਦਾ ਸਰਪ ਜਗ ਸਾਰੇ ਵੇਦ ਭਾਖਦੇ॥੭੪॥ ਲੂਣਾ ਨੇ ਕ੍ਰੋਧ ਬਹੁਤ ਕੀਤਾ ਤਦੋਂ ਦਿਲ ਵਿਚ ਆਖਦੀ ਹੈ ਕਿਹਾ ਮੇਰਾ ਮੂਲ ਨਹੀਂ ਮੰਨਦਾ! ਔਣਗੇ ਗਿਆਨ ਰੋਵੇਂ ਹੱਥ ਧਰ ਕੰਨਾਂ ਉਤੇ ਬਣਦੀ ਹੈ ਮਾਓਂ ਹੁਣ ਵੇਖ ਹੱਥ ਰੰਨਦਾ। ਪੱਲਾ ਛੁਟ ਕਾਇ ਪੂਰਨ ਨੱਸ ਗਿਆ ਮੈਹਲਾਂ ਵਿਚੋਂ ਬੀਣੀਆਂ ਮਰੋੜ ਨਾਲੇ ਚੂੜੀਆਂ ਨੂੰ ਭੰਨਦਾ। ਲੂਣਾ ਨੇ ਫਰੇਬ ਇਕ ਦਿਲੋਂ ਕੀਤਾ ਬੇਲਾਸਿੰਘਾ ਲਾਹਕੇ ਸ਼ਿੰਗਾਰ ਸੋਲਾਂ ਮਕਰ ਬੁਰੀ ਰੰਨਦਾ॥੭੫॥ ਰਾਜੇ ਘਰ ਔਂਦੇ ਨੂੰ ਜੋ ਹਾਲ ਤੇ ਬਿਹਾਲ ਹੋਈ ਦੀਵੇ ਨੂੰ ਬੁਝਾਏ ਕੀਤੀ ਸੁੰਨ ਜੋ ਮਸਾਣ ਨੀ। ਰਾਜੇ ਵੇਖ ਰਾਣੀ ਨੂੰ ਖਮੋਸ਼ ਦਿਲੋਂ ਬਹੁਤ ਹੋਇਆ ਆਖਦਾ ਹੈ ਦੱਸ ਕਿਸ ਮਾਰਿਆ ਹੈ ਬਾਣ ਨੀ। ਦਿਆਂ ਓਹਨੂੰ ਫਾਹੇ ਜਿਸ ਆਣਕੇ ਦੁਖਾਇਆ ਤੈਨੂੰ ਕਰਕੇ ਕਮੌਤ ਮਾਰਾਂ ਕੱਢਲਾਂ ਪਰਾਣ ਨੀ। ਸੱਚਾ ਸੱਚਾ ਹਾਲ ਮੈਨੂੰ ਦੱਸ ਸਾਰਾ ਬੇਲਾਸਿੰਘਾ ਖੋਲ੍ਹਕੇ ਤੇ ਹਾਲ ਸਾਰਾ ਮੇਰੇ ਅਗੇ ਤਾਣ ਨੀ



Digitized by Panjab Digital Library | www.panjabdigilib.org

॥੭੬॥ਆਖਦੀ ਹੈ ਲੂਣਾ ਸਾਰਾ ਕੰਮ ਇਹੋ ਪੂਰਨ ਦਾ ਧੌਲਰਾਂ ਮੇਂ ਕੋਤਲ ਵਛੇਰਾ ਜੋੜਾ ਪਾਲਿਆ। ਆਇਆ ਜਦੋਂ ਮੈਹਲੀਂ ਮੈਨੂੰ ਵੇਖ ਮੁਸ਼ਤਾਕ ਹੋਇਆ ਅੱਖਾਂ ਨਾਲ ਮੈਨੂੰ ਹੁਸ਼ਿਆਰਾ ਵੀ ਚਲਾਲਿਆ। ਬੀਣੀ ਮੇਰੀ ਫੜਕੇ ਤਾਂ ਘੁੱਟੀ ਓਸ ਜੋਰ ਨਾਲ ਫੇਰ ਆਣ ਹੱਥ ਓਨ ਛਾਤੀ ਨੂੰ ਵੀ ਪਾਲਿਆ। ਜੋਰ ਸੇ ਝੰਜੋੜ ਕੇ ਹਟਾਇਆ ਪਰਾਂ ਬੇਲਾਸਿੰਘਾ ਮਾਂ ਪੁਤ੍ਰ ਵਾਲਾ ਸਾਕ ਪੂਰਨ ਗੁਵਾਲਿਆ॥੭੭॥ਸੁਣਕੇ ਤਾਂ ਰਾਜੇ ਨੇ ਕ੍ਰੋਧ ਕੀਤਾ ਪੂਰਨ ਤੇ ਹੋਸ਼ ਕਰ ਰਾਣੀਏ ਮੈਂ ਹੁਣੇ ਹਾਂ ਸਦਾਂਵਦਾ। ਦਿਆਂ ਓਹਨੂੰ ਫਾਹੇ ਮੇਰਾ ਪੁਤ੍ਰ ਕਿਹਾ ਲਗਦਾ ਹੈ ਲੱਜ ਤੇ ਹਿਯਾਓ ਜੇੜਾ ਜੱਦ ਦੀ ਗਵਾਂਵਦਾ। ਚੋਬਦਾਰ ਤਾਈਂ ਤਦੋਂ ਰਾਜੇ ਨੇ ਹੁਕਮ ਦਿਤਾ ਪੂਰਨ ਨੂੰ ਸਦੋ ਆਖੋ ਰਾਜਾ ਹੈ ਬੁਲਾਂਵਦਾ। ਚੋਬਦਾਰ ਝਟ ਪਟ ਤੁਰ ਜਾਂਦਾ ਬੇਲਾਸਿੰਘਾ ਰਾਜੇ ਦਾ ਹੁਕਮ ਇਕ ਪਲ ਮੇਂ ਬਜਾਂਵਦਾ ॥੭੮॥ਚੋਬਦਾਰ ਹਥ ਬੰਨ ਆਖਦਾ ਹੈ ਪੂਰਣ ਨੂੰ ਚਲੋ ਰਾਜਾ ਸੋਹਬ ਤੁਝੇ ਬਾਪ ਹੈ ਬੁਲਾਂਵਦਾ। ਦਿਤਾ ਹੈ ਹੁਕਮ ਰਾਜੇ ਕੈਹਰ ਵਾਨ ਹੋਇਕੇ ਤੇ ਕੇਹੜੀ ਗੱਲ ਪਿਛੇ ਕੈਹਰ ਵਾਲੀ ਹੈ ਕਰਾਂਵਦਾ। ਵਜਿਆ ਸੀ ਰਾਗ ਤਾਰ ਸਮਝ ਲੀਤੀ ਪੂਰਨ ਨੇ ਲੂਣਾ ਵਾਲਾ ਸੁਖਨ ਮੇਰੇ ਦਿਲ ਵਿਚ ਆਂਵਦਾ। ਪੂਰਨ ਤਿਆਰ ਹੋਕੇ ਟੁਰ ਪੈਂਦਾ ਬੇਲਾਸਿੰਘਾ ਆਣਕੇ ਤਾਂ ਬਾਪ ਤਾਈਂ ਬੰਦਗੀ ਬੁਲਾਂਵਦਾ ॥ ੭੯ ॥ ਆਖਦਾ ਹੈ ਰਾਜਾ ਫੇਰ ਗੁਸੇ ਹੋਕੇ ਪੂਰਨ ਨੂੰ ਚੰਗੀ ਗਲ ਕੀਤੀ ਘਰ ਮਾਵਾਂ ਨਾਲ ਆਣਕੇ। ਜਿਸ ਰੋਜ ਕਿਹਾ ਸੀ ਮੈਂ ਪੂਰਨਾ ਬਿਆਹ ਬਾਰੇ ਓਸ ਰੋਜ ਪੂਰਨਾ ਤੂੰ ਰੋਂਦਾ ਸੀਗਾ ਜਾਣਕੇ। ਦੇਵੇ ਰਾਜਾ ਗਾਲੀਆਂ ਤੇ ਮਾਰਦਾ ਚੁਪੇੜਾਂ ਨਾਲੇ ਓਸ ਵੇਲੇ ਰਾਜਾ ਬਹੁਤ ਖਫਾ ਹੋਇਆ ਜਾਣਕੇ। ਚੰਗਾ ਤੈਂ ਬੁਪਾਰ ਕੀਤਾ ਘਰ ਆਕੇ ਬੇਲਾਸਿੰਘਾ ਪੂਰਨ ਭਗਤ ਤਾਈਂ ਰਾਜਾ ਕਹੇ



Digitized by Panjab Digital Library | www.panjabdigilib.org

ਠਾਣਕੇ॥੯੦॥ਆਖਦਾ ਹੈ ਪੂਰਨ ਜੋ ਹਥ ਬੰਨ ਬਾਪ ਤਾਈਂ ਮੇਰਾ ਜੋ ਕਸੂਰ ਸਚਾ ਰਬ ਹੈ ਪਛਾਣਦਾ। ਮਥਾ ਜਦੋਂ ਟੇਕਣ ਮੈਂ ਲੂਣਾ ਪਾਸ ਗਿਆ ਰਾਜਾ ਓਸਦਾ ਜੋ ਦਿਲ ਡਿੱਠਾ ਹੋਰ ਗੱਲ ਠਾਣਦਾ। ਦਿਤਾ ਨਾ ਪਿਆਰ ਸਗੋਂ ਦਿਲ ਮੇਂ ਕ੍ਰੋਪ ਕੀਤਾ ਕੀਤਾ ਸੀ ਇਰਾਦਾ ਓਨ ਸ਼ੇਜ ਦੇ ਵਛਾਣਦਾ। ਧਰਮ ਨੂੰ ਬਚਾਕੇ ਮੈਂ ਤਾਂ ਨੱਸ ਆਇਆ ਬੇਲਾਸਿੰਘਾ ਰਾਮ ਦੀ ਸੁਗੰਧ ਭੇਦ ਆਪ ਰੱਬ ਜਾਣਦਾ॥੯੧॥ਆਖਦਾ ਹੈ ਰਾਜਾ ਮੈਨੂੰ ਕਿਵੇਂ ਇਤਬਾਰ ਆਵੇ ਚੋਰ ਯਾਰ ਮੂਲ ਸੱਚ ਕਦੇ ਨਾ ਬਿਤਾਂਵਦਾ। ਆਂਪ ਅਖ਼ੀ ਵੇਖਕੇ ਨਿਸ਼ਾਨੀਆਂ ਮੈਂ ਠੀਕ ਆਇਆ ਮੇਰੇ ਅਗੇ ਐਡਾ ਜੋੜ ਕੁਫਰ ਤੂੰ ਬਿਤਾਂਵਦਾ। ਸੱਦਕੇ ਜਲਾਦ ਹੁਣੇ ਹੁਕਮ ਝੜਾਇ ਦੇਵਾਂ ਹੱਥ ਪੈਰ ਵੱਢ ਤੈਨੂੰ ਖੂਹ ਵਿਚ ਪਾਂਵਦਾ। ਜੀਂਵਦਾ ਮੈਂ ਛੱਡੂ ਨਹੀਂ ਤੇਰੇ ਤਾਈਂ ਬੇਲਾਸਿੰਘਾ ਹੁਣ ਤੇਰਾ ਜੀਂਉਣਾ ਬੱਚਾ ਘੜੀ ਬਿੰਦ ਸ਼ਾਮਦਾ॥੯੨॥ਹੱਥ ਜੋੜ ਪੂਰਨ ਜੋ ਆਪਦਾ ਹੈ ਰਾਜੇ ਤਾਈਂ ਨਹੀਂ ਇਤਬਾਰ ਮੇਰੀ ਸਾਬਤੀ ਪ੍ਰਤਾਉ ਜੀ।ਤੇਲ ਲੈਕੇ ਸਰੋਂਦਾ ਕੜਾਹੇ ਵਿਚ ਪਾਇ ਦੇਵੋ ਤੱਤਾ ਹੋਵੇ ਅੱਗ ਵਾਂਗ ਹੱਥ ਮੇਰਾ ਪਾਓ ਜੀ। ਝੂਠਾ ਹੋਵਾਂ ਠੀਕ ਜੇਕਰ ਉਂਗਲੀ ਨੂੰ ਦਾਗ ਲਗੇ ਨਿਤ੍ਰੇਗਾ ਸੱਚ ਤੁਸੀਂ ਵੇਖ ਅਜਮਾਓ ਜੀ। ਸਾਬਤੀ ਵਖਾਵਾਂ ਰਾਜਾ ਤੇਰੇ ਤਾਈਂ ਬੇਲਾਸਿੰਘਾ ਜਿਵੇਂ ਜੀਉ ਚਾਹੇ ਤੁਸੀ ਜਿਵੇਂ ਅਜਮਾਓ ਜੀ॥੯੩॥ਮੰਨਦਾ ਨਾ ਰਾਜਾ ਮੂਲ ਸੱਦ ਲਏ ਜਲਾਦ ਤਦੋਂ ਤਿੱਦੇ ਚੂੜੇ ਤਾਈਂ ਹੁਕਮ ਸਗਤ ਸੁਣਾ-ਇਆ ਹੈ। ਮਾਰ ਦਿਓ ਪੂਰਨ ਲਜਾਇਕੇ ਉਜਾੜ ਵਿਚ ਹੱਥ ਪੈਰ ਵੱਢੋ ਰਾਜੇ ਮੁਖ ਥੀਂ ਅਲਾਇਆ ਹੈ। ਰੱਤ ਜਿੰਨੀ ਹੋਵੇ ਪਾਵੋ ਡੱਬ ਦੇਕੇ ਛੰਨੇ ਵਿਚ ਰਾਜੇ ਨੇ ਹੁਕਮ ਏਹੋ ਸਖਤ ਸੁਣਾਇਆ ਹੈ। ਪੂਰਨ ਹਵਾਲੇ ਕੀਤਾ ਚੂੜਿਆਂ ਦੇ ਬੇਲਾਸਿੰਘਾ ਪੂਰਨ ਨੇ



Digitized by Panjab Digital Library | www.panjabdigilib.org

ਬਚਨ ਜਲਾਦਾਂ ਨੂੰ ਸੁਣਾਇਆ ਹੈ॥੮੪॥ਆਖਦਾ ਹੈ ਪੂਰਨ ਸੁਵਾਲ ਮੇਰਾ ਨਾਮੇ ਰਬ ਇੱਛਰਾਂ ਜੋ ਮਾਤਾ ਤਾਈਂ ਜਾਂਦੀ ਵਾਰ ਮਿਲਣਾ। ਨਦੀ ਨਾਮ ਹੋਣੇ ਹੈਂ ਸੰਜੋਗ ਨਾਲ ਮੇਲੇ ਸਾਡੇ ਹੁਣ ਜਾਂਦੀ ਵਾਰ ਤੁਸੀ ਮਿਲਕੇ ਲਜਾਵਣਾ। ਕਰ ਦਿਤੀ ਖਬਰ ਕਿਸੇ ਇੱਛਰਾਂ ਜੋ ਮਾਤਾ ਤਾਈਂ ਪੂਰਨ ਨੂੰ ਮਾਰਨ ਉਜਾੜ ਮੇਂ ਲਿਜਾ ਵਣਾ। ਰਾਜੇ ਨੇ ਹੁਕਮ ਦਿਤਾ ਆਪ ਮੂੰਹੋਂ ਬੇਲਾਸਿੰਘਾ ਛੇਤੀ ਜਾਕੇ ਰਾਣੀਏਂ ਤੂੰ ਪੂਰਨ ਛੁਡਾਵਣਾ॥੮੫॥ਇੱਛਰਾਂ ਜੋ ਰਾਣੀ ਆਈ ਭੱਜਕੇ ਤੇ ਰਾਜੇ ਪਾਸ ਪੂਰਨ ਜੋ ਪੁੱਤ ਮੁਰਵੌਣ ਲਗਾ ਆਪ ਤੂੰ। ਕੇੜੀ ਗਲ ਪਿਛੇ ਮੇਰੇ ਲਾਲ ਨੂੰ ਕੁਹਾਨ ਲੱਗਾ ਮਰ ਜਾਊ ਵਿਸ ਖਾਕੇ ਵੇਖ ਰਾਜਾ ਆਪ ਤੂੰ। ਲੂਣਾ ਦਾ ਮਕਰ ਝੂਠਾ ਸੱਚ ਮੁਚ ਜਾਣ ਬੈਠਾ ਗੁੰਡੀ ਰੰਨ ਪਿਛੇ ਰਾਜਾ ਬੁੱਧ ਮਾਰੀ ਆਪ ਤੂੰ। ਅੰਬ ਵੱਢ ਵਾੜ ਕਰੇਂ ਅੱਕਾਂ ਤਾਈਂ ਬੇਲਾਸਿੰਘਾ ਰਾਣੀ ਆਖੇ ਪਛੋ ਤਾਵੇਂ ਫੇਰ ਰਾਜਾ ਆਪ ਤੂੰ॥੮੬॥ਆਖਦਾ ਹੈ ਰਾਜਾ ਐਸੇ ਪੁਤ੍ਰ ਨਾ ਜੰਮਣੇ ਹੈਂ ਜੰਮਦੇ ਜੋ ਪੁਤ ਸਾਨੂੰ ਦਾਗ ਹੈ ਲਗਾਇਆ ਨੀ। ਲੂਣਾ ਨਾਲ ਕੀਤੀ ਸੀ ਖਰਾਬੀ ਆਕੇ ਪੂਰਨ ਨੇ ਤਾਹੀਂ ਓਹਨੂੰ ਮਾਰਨੇ ਦਾ ਹੁਕਮ ਲਗਾਇਆ ਨੀ। ਹੋਜਾ ਮੇਰੀ ਅੱਖੀਆਂ ਤੋਂ ਦੂਰ ਪਰੇ ਰਾਣੀਏ ਨੀ ਤੈਨੂੰ ਏਦੇ ਨਾਲ ਮਾਰਾਂ ਦਿਲ ਮੇਰੇ ਆਇਆ ਨੀ। ਕੈਹਰਵਾਨ ਰਾਜਾ ਅੱਖਾਂ ਲਾਲ ਕਰੇ ਬੇਲਾਸਿੰਘਾ ਐਸਾ ਬਦਕਾਰ ਪੁਤ ਤੇਰੀ ਕੁਖੋਂ ਜਾਇਆ ਨੀ॥੮੭॥ਆਖਦੀ ਹੈ ਰਾਣੀ ਮਰਵਾਏ ਨਹੀਂ ਪੂਰਨ ਨੂੰ ਪੁਤ੍ਰਾਂ ਬਗੈਰ ਕੌਣ ਦੇਊ ਪਾਣੀ ਆਣ ਕੇ। ਪੁਤ੍ਰ ਨਿਸ਼ਾਨ ਜੱਗ ਮੋਇਆ ਪਿਛੋਂ ਆਖਦੇ ਹੈਂ ਬਾਪ ਤੈਨੂੰ ਰਾਜਾ ਨਾ ਬੁਲਾਊ ਕੌਣ ਆਣਕੇ। ਅਕਲ ਸੰਭਾਲ ਵੇਲਾ ਫੇਰ ਹੱਥ ਆਵਣਾ ਨਾ ਬਖਸ਼ ਗੁਨਾਹਾਂ ਤੂੰ ਗਰੀਬਣੀ ਨੂੰ ਜਾਣਕੇ। ਅਮੀਰ ਤੇ ਵਜੀਰ ਸਾਰੇ ਕੱਠੇ ਹੋਏ ਬੇਲਾਸਿੰਘਾ ਅਰਜਾਂ ਗੁਜਾਰ



Digitized by Panjab Digital Library | www.panjabdigilib.org

ਦੇ ਹੈਂ ਰਾਜੇ ਪਾਸ ਆਣਕੇ॥੮੮॥ਰਲ਼ ਮਿਲ ਕੀਤੀ ਹੈ ਸਲਾਹਾ ਸਾਰੇ ਐਹਲਕਾਰਾਂ ਰਾਜੇ ਸਲਵਾਨ ਪਾਸ ਅਰਜਾਂ ਗੁਜਾਰਦੇ । ਪੂਰਨ ਨੂੰ ਮਾਰਕੇ ਲਗੌਂਦਾ ਹੈ ਖ਼ੂਨ ਮਥੇ ਰਾਜ ਨੀਤ ਵਾਲੀ ਬਾਤ ਜ਼ੋਰਾ ਨਾ ਵਿਚਾਰਦੇ। ਪੁਤ੍ਰਾਂ ਬਗੈਰ ਲੋਕ ਜੱਗ ਔਂਤ ਆਖਦੇ ਹੈਂ ਪੁਤ੍ਰ ਨਿਸ਼ਾਨ ਨਾਮ ਬੇਦ ਹੈਂ ਪੁਕਾਰਦੇ। ਪੁਤ ਧੀ ਮਾਰਨੇ ਦਾ ਦੋਸ਼ ਭਾਰੀ ਬੇਲਾਸਿੰਘਾ ਬਰਮਾ ਦੇ ਬੇਦ ਨਾਲੇ ਗੀਤਾ ਮੇਂ ਪੁਕਾਰ ਦੇ॥੮੯॥ਇਛਰਾਂ ਸਮੇਤ ਜੋਰ ਲਾਏ ਥਕੇ ਐਹਲਕਾਰ ਰਾਜਾ ਨਹੀ ਬਾਤ ਮੂਲ ਕਿਸੇ ਦੀ ਵੀ ਮੰਨਦਾ। ਮੂਰਖ ਜੋ ਰਾਜਾ ਜੜ ਆਪਣੀ ਪੁਟਨ ਲਗਾ ਲੂਣਾ ਬਦਕਾਰ ਦਾ ਜੋ ਕਿਹਾ ਮੰਨ ਰੰਨਦਾ। ਹੁਕਮ ਜਲਾਦਾਂ ਨੂੰ ਜੋ ਦਿਤਾ ਰਾਜੇ ਉਸੀ ਵੇਲੇ ਮਾਰ ਦੇਣਾ ਪੂਰਨ ਹੁਕਮ ਨਹੀਂ ਮੰਨਦਾ। ਐਸਲੇ ਕ੍ਰੋਧ ਵਾਨ ਰਾਜਾ ਬੋਤ ਬੇਲਾ ਸਿੰਘਾ ਹੁਕਮ ਜੋ ਓਸਨੂੰ ਸਖਤ ਲੂਣਾ ਰੰਨਦਾ॥ ੯੦ ॥ ਜਾਂਦੀ ਵਾਰ ਇਛਰਾਂ ਤੇ ਪੂਰਨ ਦਾ ਮੇਲਾ ਹੋਇਆ ਗਲ ਲਗ ਮਾਂ ਪੁਤ੍ਰ ਦੋਵੇਂ ਖੜ ਰੋਂਵਦੇ। ਵਰਤ ਦੀ ਹੈ ਭਾਵੀ ਤਦੋਂ ਪਤਾ ਮੂਲ ਲਗਦਾ ਨਾ ਏਸ ਸੰਸਾਰ ਉਤੋਂ ਪਾਂਡੋ ਗਏ ਰੋਂਵਦੇ। ਇੰਦਰ ਜੋ ਰੋਇਆ ਘਰ ਗੋਤਮ ਦੇ ਜਾਇਕੇ ਤੇ ਬਲ ਨੂੰ ਗੁਵਾਵੇ ਪ੍ਰਸਰਾਮ ਜੇਹੇ ਰੋਂਵਦੇ। ਹੋਣੀ ਜਦੋਂ ਵਰਤਦੀ ਮਨੁਸ਼ ਉਤੇ ਬੇਲਾਸਿੰਘਾ ਵਡੇ ਵਡੇ ਰਿਖੀ ਮੁਨੀ ਜਗੋਂ ਗਏ ਰੋਂਵਦੇ॥੯੧॥ਦੇਵੇ ਦਿਲਬਰੀ ਖੜ ਪੂਰਨ ਜੋ ਮਾਤਾ ਤਾਈਂ ਦਿਲ ਉਤੇ ਤੁਸੀਂ ਕੋਈ ਗੰਮ ਨਾ ਲਿਆਵਣਾ। ਲੱਖਤੇ ਹਜਾਰ ਭਾਵੇਂ ਜੀਵੀਏ ਬਰਸ ਮਾਤਾ ਓੜਕ ਨੂੰ ਏਸ ਜਗੋਂ ਮਰ ਮੁਕ ਜਾਵਣਾ। ਝੂਠਾ ਇਲਜਾਮ ਮੈਨੂੰ ਲਾਇਆ ਲੂਣਾ ਪਾਪਣ ਨੇ ਏਸਦਾ ਜੋ ਮਰਤਬਾ ਹੈ ਰਬ ਨੇ ਪਛਾਨਣਾ। ਆਖਰ ਅਖੀਰ ਮੱਥਾ ਟੇਕ ਟੁਰੇ ਬੇਲਾਸਿੰਘਾ ਬਤੀ ਧਾਰਾ ਤੈਥੋਂ ਮਾਤਾ ਮੈਂ ਬਖਸ਼ਾਵਣਾ॥੯੨॥ਇੱਛਰਾਂ ਰੁਦਨ ਕਰੇ

ਹਰ ਪ੍ਰਕਾਰ ਦੀਆ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ–

Digitized by Panjab Digital Library | www.panjabdigilib.org

ਪੂਰਨ ਨੂੰ ਲਾਇ ਗਲ ਬੇਟਾ ਬੁਢੀ ਮਾਈ ਨੂੰ ਤੂੰ ਲੈ ਚਲ ਨਾਲ ਵੇ। ਕੀਕੂੰ ਜੀਉਂਦੀ ਰਹੂਗੀ ਜਹਾਨ ਵਿਚ ਤੇਰੇ ਬਾਝੋਂ ਜਾਣਦਾ ਹੈ ਰੱਬ ਮੇਰਾ ਹੋਵੇ ਕੀ ਹਵਾਲ ਵੇ। ਤੇਰੇ ਬਾਝੋਂ ਸਾਂਝ ਨਾ ਜਹਾਨ ਵਿਚ ਰਹੀ ਮੇਰੀ ੲੰਨਕੇ ਤੇ ਪੂਰਨਾ ਲੈ ਚਲਿਆ ਹੈ ਕਾਲ ਵੇ। ਰੁਦਨ ਬਥੇਰੇ ਮਾਤਾ ਕਰਦੀ ਹੈ ਬੇਲਾਸਿੰਘਾ ਪੇਸ਼ ਨਹੀਂ ਜਾਂਦੀ ਮਾਰਾਂ ਖੂਹ ਵਿਚ ਛਾਲ ਵੇ॥੯੩॥ਪੂਰਨ ਦੇ ਅਗੇ ਹਥ ਬੰਨਕੇ ਜਲਾਦ ਖਲੇ ਕਰੋ ਮੇਹਰਬਾਨੀ ਸਾਨੂੰ ਹੁਕਮ ਸਖਤ ਹੈ। ਜਾਂਦੀ ਨਹੀ ਪੇਸ਼ ਕੋਈ ਰਾਜੇ ਸੁਲਵਾਨ ਅੱਗੇ ਮਾਰਦਾ ਹੈ ਪੀੜ ਪੀੜ ਡਰਦਾ ਜਗਤ ਹੈ। ਆਖਦਾ ਹੈ ਪੂਰਨ ਤਿਆਰ ਹੋਵੋ ਤੁਸੀਂ ਭਾਈ ਮਰਨੇ ਦੀ ਵਲੋਂ ਮੈਨੂੰ ਜਰਾ ਨਾ ਡਰਤ ਹੈ। ਪੂਰਨ ਜਲਾਦਾਂ ਨਾਲ ਟੁਰ ਪਿਆ ਬੇਲਾਸਿੰਘਾ ਉਜਾੜ ਬੀਆਬਾਨ ਵਿਚ ਲੈ ਗਏ ਭਗਤ ਹੈ॥੯੪॥ਲੂਣਾ ਇਕ ਖਤ ਫੇਰ ਭੇਜਦੀ ਹੈ ਪੂਰਨ ਨੂੰ ਕਾਲੇ ਕਾਲੇ ਅੱਖਰ ਪਾਕੇ ਲਿਖ ਜੋ ਸੁਣਾਂਵਦੀ। ਜਾਣਦਾ ਤੂੰ ਪੂਰਨਾ ਰੰਨਾਂ ਦਿਆਂ ਮਕਰਾਂ ਨੂੰ ਭਾਨ ਮਤੀ ਭੋਜ ਨੂੰ ਜੋ ਘੋੜਾ ਸੀ ਬਣਾਂਵਦੀ। ਨਾਰੀ ਪਾਰ ਦੈਹਸਰ ਦਾ ਪੱਟਕੇ ਵਰਾਨ ਕੀਤਾ ਹੀਰ ਵੇਖੋ ਰਾਂਝੇ ਪਾਸੋਂ ਮਝੀਆਂ ਚਰਾਂਵਦੀ। ਕੱਲ ਵਾਲੀ ਗੱਲ ਮੇਰੀ ਅਜੇ ਮੰਨ ਬੇਲਾਸਿੰਘਾ ਐਸ ਵੇਲੇ ਪੂਰਨਾ ਮੈਂ ਬੱਧੇ ਨੂੰ ਛੁਡਾਂਵਦੀ॥੯੫॥ਖਤ ਵਾਚ ਪੂਰਨ ਨੇ ਮੂਹੋਂ ਲਬ ਸਿਟ ਦਿਤੀ ਕੇੜੀ ਗੱਲ ਪਿਛੇ ਸ਼ੋਦਾ ਧਰਮ ਗੁਆਵਨਾ। ਜੀਵੀਏ ਜੇ ਲੱਖ ਤੇ ਹਜਾਰ ਬਰਸ ਮਾਤ ਲੋਕ ਓੜਕ ਨੂੰ ਏਸ ਜਗੋਂ ਮਰ ਮੁਕ ਜਾਵਣਾ। ਕੀਤਾ ਤੈਨੇ ਪਾਪ ਭਾਰੀ ਪੁੱਜਕੇ ਤੇ ਨਾਲ ਮੇਰੇ ਕੱਟ ਲਊਰਾ ਭਾਣਾ ਜੇੜਾ ਰੱਬ ਵਰਤਾਵਣਾ। ਤੇਰੀ ਪੂਰੀ ਪੈਣੀ ਨਹੀਂ ਜੱਗ ਵਿਚ ਬੇਲਾਸਿੰਘਾ ਮਰ ਜਾਊ ਮੇਰੀ ਮਾਤਾ ਜਿਨ ਕੀਤੀ ਪਾਲਣਾ॥੯੬॥ਓਸਲੇ ਅਮੀਰਾਂ ਤੇ ਵਜੀਰਾਂ ਨੇ ਸਲਾਹ



Digitized by Panjab Digital Library | www.panjabdigilib.org

ਕਰਤਿਦੇ ਚੂੜੇ ਵਲ ਇਕ ਆਦਮੀ ਭਝਾਂਵਦੇ। ਪੂਰਨ ਨੂੰ ਮਾਰੀਂ ਨਾ, ਲਿਆਵੀਂ ਲਹੂ ਹੋਰ ਕਿਤੋਂ ਛੰਨੇ ਵਿਚ ਪਾਕੇ ਤੂੰ ਵਿਖਾਵੀਂ ਵਖਤ ਸ਼ਾਮਦੇ। ਮਕੜ ਜਲਾਦਾਂ ਬਕ ਮਾਰਿਆ ਸੀ ਹਰਨੀ ਦਾ ਕੱਢਕੇ ਤਾਂ ਲਹੂ ਓਦਾ ਛੰਨੇ ਵਿਚ ਪਾਂਵਦੇ। ਆਣਕੇ ਵਿਖਾਇਆ ਲਹੂ ਲੂਣਾ ਤਾਈਂ ਬੇਲਾਸਿੰਘਾ ਪੂਰਨ ਨੂੰ ਖੂਹ ਜੋ ਉਜਾੜ ਮੇਂ ਬਠਾਂਵਦੇ॥੯੭॥ਵੇਖਕੇ ਤਾਂ ਕੀਤੀ ਹੈ ਪਛਾਣ ਲੂਨਾ ਲਹੂ ਵਾਲੀ ਆਖਦੀ ਹੈ ਰੱਤ ਨਹੀ ਆਦਮੀ ਦੀ ਜਾਪਦੀ। ਲਾਲ ਜੇਹਾ ਲਹੂ ਪਤਲੇਰਾ ਮੈਨੂੰ ਦਿਸਦਾ ਹੈ ਮਾਰਿਆ ਸ਼ਿਕਾਰ ਇਨ੍ਹਾਂ ਜਾਨਵਰ ਆਖਦੀ। ਰਾਜੇ ਤਾਈਂ ਲੂਣਾ ਕਹੇ ਗੁੱਟਾਂ ਤਾਈਂ ਹੱਥ ਹੋਣ ਨਾਲੇ ਪੈਰ ਗੋਡਿਆਂ ਦੇ ਤੱਕ ਮੂਹੋਂ ਭਾਖਦੀ। ਹੁਕਮ ਜਲਾਦਾਂ ਤਾਈਂ ਦਿਤਾ ਰਾਜੇ ਬੇਲਾਸਿੰਘਾ ਮਾਰ ਦਿਓ ਪੂਰਨ ਕਸਮ ਤੁਝੇ ਬਾਪਦੀ॥੯੮॥ਹਰਨੀ ਰੁਦਨ ਕਰੇ ਮੋਇਆ ਬੱਚਾ ਵੇਖਕੇ ਤੇ ਰੱਬ ਤੈਨੂੰ ਮਾਰੇ ਜਿਸ ਮੇਰਾ ਬੱਚਾ ਮਾਰਿਆ। ਲਊਗਾ ਹਿਸਾਬ ਇਕ ਰੋਜ ਧਰਮਰਾਜ ਤੈਥੋਂ ਕੱਢਕੇ ਤਾਂ ਮੂੰਹ ਕੈਸਾ ਜਾਵੇਗਾ ਨਿਕਾਰਿਆ। ਮੇਰਾ ਬੱਚਾ ਮਾਰਕੇ ਬਚਾਇਆ ਤੁਸੀਂ ਪੂਰਨ ਨੂੰ ਬਚਣਾ ਬੀ ਓਸ ਨਹੀ ਜਿਦੀ ਖਾਤ੍ਰ ਮਾਰਿਆ। ਮਾਰਨਾ ਮਸੂਮ ਬੱਚਾ ਦੋਸ਼ ਭਾਰੀ ਬੇਲਾਸਿੰਘਾ ਬੇਦਾਂ ਤੇ ਗ੍ਰੰਥਾਂ ਧਾਰੋ ਸਾਰਿਆਂ ਪੂਕਾਰਿਆ॥੯੯॥ਓਸ ਵੇਲੇ ਕੀਤੀ ਸੀ ਸਲਾਹਾ ਜੋ ਜਲਾਦਾਂ ਦੋਹਾਂ ਨਿਗਾ ਮਾਰ ਵੇਖਣ ਤਾਂ ਰਾਹੀ ਇਕ ਆਂਵਦਾ। ਆਖਦੇ ਹੈਂ ਹੱਥ ਪੈਰ ਏਸਦੇ ਜੋ ਕੱਟ ਲਈਏ ਲੂਣਾ ਨੂੰ ਵਿਖਾਈਏ ਸਾਡੇ ਇਹੋ ਦਿਲ ਆਂਵਦਾ। ਪੂਰਨ ਨੂੰ ਛੱਡਕੇ ਉਜਾੜ ਵਿਚ ਚਲੇ ਜਾਈਏ ਕਰਦੇ ਸਲਾਹਾ ਜੋ ਖਿਆਲ ਦੋਹਾਂ ਆਂਵਦਾ। ਫੜਨੇ ਨੂੰ ਹੋਗਏ ਤਿਆਰ ਦੋਵੇਂ ਬੇਲਾਸਿੰਘਾ ਪੂਰਨ ਭਗਤ ਅਗੋਂ ਰਾਹੀ ਨੂੰ ਸੁਣਾਂਵਦਾ॥੧੦੦॥ਭਜ ਜਾਹਾ ਰਾਹੀਆ ਕੈਹਣਾ ਮੇਰਾ



Digitized by Panjab Digital Library | www.panjabdigilib.org

ਮੰਨਕੇ ਤੇ ਮੇਰੇ ਪਿਛੇ ਤੇਰਾ ਏਹੇ ਖੂਨ ਹੈ ਕਰਾਂਵਦੇ। ਜੇ ਤੂੰ ਮਾਤਾ ਪਿਤਾ ਘਰ ਚਲਿਆ ਹੈਂ ਪਿਆਰਿਆ ਓਇ ਤੈਨੂੰ ਹੈ ਉਡੀਕਦੇ ਤੇ ਰਾਹਾ ਨੂੰ ਤਕਾਂਵਦੇ। ਭੈਣ ਘਰ ਚਲਿਆ ਤੇ ਰਾਹਾ ਨੂੰ ਉਡੀਕ ਦੀ ਹੈ ਸੌਹਰਿਆਂ ਦੇ ਘਰ ਤੇਰੇ ਸਗਨ ਮਨਾਂਵਦੇ। ਨੱਸ ਕੇ ਬਚਾ ਲੈ ਜਾਨ ਅਜ ਏਥੋਂ ਬੇਲਾਸਿੰਘਾ ਪੂਰਨ ਭਗਤ ਹੋਰੀ ਰਾਹੀ ਨੂੰ ਸੁਣਾਂਵਦੇ॥੧੦੧॥ਗੱਲਾਂ ਸੁਣ ਰਾਹੀ ਓਸ ਵੇਲੇ ਦੌੜ ਨੱਠ ਗਿਆ ਆਪਣੀ ਜੋ ਜਾਨ ਬੜੇ ਜੋਰ ਸੇ ਬਚਾਂਵਦਾ। ਵੇਖਕੇ ਤੇ ਕੌਤਕ ਜਲਾਦ ਹੱਕੇ ਬਕੇ ਰਹੇ ਇਕ ਦੂਆ ਦੂਸਰੇ ਦੀ ਵਲ ਹੈ ਤਕਾਂਵ ਦਾ। ਪੂਰਨ ਦੀ ਜਾਨ ਨੂੰ ਬਚੌਂਦੇ ਰਹੇ ਹੁਣ ਤੱਕ ਮਾਰਕੇ ਤੇ ਵਾਜਾਂ ਸਾਥੋਂ ਰਾਹੀ ਹੈ ਖੁਹਾਂਵਦਾ। ਕਰ ਲਿਆ ਇਰਾਦਾ ਦੋਹਾਂ ਪੂਰਨ ਦੇ ਮਾਰਨੇ ਦਾ ਬੇਲਾਸਿੰਘਾ ਦਿਲ ਵਿਚ ਖੁਸ਼ੀਆਂ ਮਨਾਂ ਵਦਾ॥੧੦੨॥ਕਿਸ਼ਨ ਸਿੰਘ ਆਰਫ ਨੇ ਜੋ ਲਿਖਿਆ ਕਤਾਬ ਵਿਚ ਪੂਰਨ ਜਲਾਦਾਂ ਛਡ ਦਿਤਾ ਜਾਣੋ ਜੀਂਵਦਾ। ਵਢੇ ਹੋਏ ਹੱਥ ਪੈਰ ਮੁਸ਼ਕਲ ਸਬੂਤ ਹੁੰਦੇ ਖਾਣਾ ਕਿਥੋਂ ਖਾਂਦਾ ਅਤੇ ਪਾਣੀ ਕਿਥੋਂ ਪੀਂਵਦਾ। ਗੋਰਖ ਦੇ ਟਿਲੇ ਜਾਕੇ ਸਾਧੂ ਪੂਰਨ ਹੋਗਿਆ ਸੀ ਵੱਢੇ ਹੋਏ ਹੱਥ ਪੈਰ ਕੌਣ ਓਦੇ ਸੀਂਵਦਾ। ਪੂਰਨ ਨੂੰ ਮਾਰਿਆ ਨਾ ਕਿਸ਼ਨਸਿੰਘ ਬੇਲਾਸਿੰਘਾ ਹੋਰ ਜੋ ਕਵੀਸ਼ਰਾਂ ਨੇ ਛਡਿਆ ਨਾ ਜੀਂਵਦਾ॥੧੦੩॥ਪੂਰਨ ਜੇ ਜੀਉਂਦਾ ਟਿਲੇ ਗੋਰਖ ਦੇ ਪਹੁੰਚਾ ਹੋਵੇ ਭਗਤੀ ਦਾ ਅੰਗ ਯਾਰੋ ਕਿਸਤ੍ਰਾਂ ਹੈ ਠਾਂਵਦਾ।ਜਲੰ ਦਰੀ ਜੋ ਨਾਥ ਬਾਰਾਂ ਸਾਲ ਰਿਹਾ ਖੂਹੇ ਵਿਚ ਘੋੜੇ ਅਤੇ ਖੋਤਿਆਂ ਦੀ ਲਿਦ ਰਾਜਾ ਪਾਂਵਦਾ। ਬਾਰਾਂ ਸਾਲ ਏਥੇ ਕਿਵੇਂ ਜੀਉਂਦਾ ਰਿਹਾ ਲਿੱਦ ਹੇਠ ਏਸੇ ਤ੍ਰਾਂ ਪੂਰਨ ਬੀ ਖੂਹੇ ਮੇਂ ਰਹਾਂਵਦਾ। ਰੱਬ ਵਾਲਾ ਤਕਵਾ ਹੈ ਭਗਤਾਂ ਨੂ ਬੇਲਾਸਿੰਘ ਰਬ ਦੇ ਬਗੈਰ ਨਾ ਭਗਤ ਦਿਲ ਲਾਂਵਦਾ॥੧੦੪॥ਹੋਰ ਸ਼ਾਹਣੀ ਕੌਲਾਂ ਵੇਖੋ ਬੀਜੇ


Digitized by Panjab Digital Library | www.panjabdigilib.org

ਦੇ ਜੋ ਘਰ ਵਾਲੀ ਜਤ ਸਤ ਓਸਦਾ ਜੋ ਪਤੀ ਪੁਰ ਭਾਰਾ ਜੀ। ਕਈ ਅਜਮੈਸ਼ਾਂ ਓਸ ਦਿਤੀਆਂ ਸੀ ਬੀਜੇ ਤਾਈਂ ਕਚੇ ਤੰਦ ਨਾਲ ਪਾਣੀ ਖੂਹ ਵਿਚੋਂ ਭਾਰਾ ਜੀ। ਪੈਰਾਂ ਦਾ ਬਣਾਕੇ ਚੁੱਲ੍ਹਾ ਅੱਗ ਓਸ ਬਾਲ ਦਿਤੀ ਚੌਲ ਓਨ ਧਰੇ ਸੇਕ ਪੈਰਾਂ ਨੂੰ ਨਾ ਪਾਰਾ ਜੀ। ਚੰਨਣ ਦੀ ਚਿਖਾ ਚਾੜ ਅੱਗ ਲਾਈ ਬੇਲਾਸਿੰਘਾ ਫੇਰ ਜੀਉਂਦੀ ਨਿਕਲੀ ਭਰੋਸਾ ਰੱਬ ਭਾਰਾ ਜੀ ॥ ੧੦੫ ॥ ਭਗਤ ਪਿਆਰੇ ਜੇਹੜੇ ਰਬਦੇ ਸਦਾਂਵਦੇ ਹੈਂ ਰੈਂਹਦੇ ਹੈਂ ਅਟੱਲ ਸਦਾ ਜੱਗ ਉਤੇ ਜੀਂਵਦੇ। ਦੁਖ ਸੁਖ ਇਕ ਜੋ ਸਮਾਨ ਕਰ ਜਾਣਦੇ ਹੈਂ ਫੇਰ ਕਿਵੇਂ ਕਹੀਏ ਆਬ ਓਹੋ ਕਿਥੋਂ ਪੀਂਵਦੇ। ਭਗਤਾਂ ਨੇ ਪਾਠ ਕੀਤਾ ਭਗਤੀ ਦਾ ਬਹੁਤ ਸਾਰਾ ਕਰਕੇ ਰੈਹਮ ਫੇਰ ਜਖਮਾਂ ਨੂੰ ਸੀਂਵਦੇ। ਭਗਤੀ ਦਾ ਅੰਗ ਕਿਸੇ ਨਿੰਦਣਾ ਨਾ ਬੇਲਾਸਿੰਘਾ ਹੋਰ ਖਿਆਲ ਛੱਡ ਟੋਰ ਪੂਰਨ ਯਤੀਮ ਦੇ॥੧੦੬॥ ਪੂਰਨ ਦੇ ਤਾਈਂ ਜੋ ਜਲਾਦ ਹਥ ਜੋੜ ਖੜੇ ਕੈਸਾ ਹੈ ਹੁਕਮ ਰਾਜਾ ਸੈਹਬ ਫੁਰਮਾਈਏ। ਰਾਜੇ ਸਲਵਾਨ ਦਾ ਹੁਕਮ ਹੱਥ ਵੱਢਣੇ ਦਾ ਨਾਲੇ ਪੈਰ ਗੋਡਿਆਂ ਦੇ ਤਾਈਂ ਕਟਵਾਈਏ। ਸਾਡੀ ਨਹੀਂ ਪੇਸ਼ ਜਾਂਦੀ ਰਾਜੇ ਦਾ ਹੁਕਮ ਸਾਨੂੰ ਨਹੀਂ ਛੱਡ ਅਸੀਂ ਤੈਨੂੰ ਘਰਾਂ ਵਲ ਜਾਈਏ। ਫੇਰ ਸਾਨੂੰ ਪੀੜਪੀੜ ਰਾਜਾ ਮਾਰੂ ਬੇਲਾਸਿੰਘਾ ਏਸ ਗਲੋਂ ਖੌਫ ਜਾਨ ਆਪਣੀ ਦਾ ਖਾਈਏ॥੧੦੭॥ ਆਖਦਾ ਹੈ ਪੂਰਨ ਬਚਾਲੋ ਜਾਨ ਆਪਣੀ ਨੂੰ ਮੈਨੂੰ ਮਰ ਜਾਣਦਾ ਨਾ ਖੌਫ ਦਿਲ ਆਂਵਦਾ। ਕੱਟ ਲਵੋ ਹੱਥ ਪੈਰ ਬਾਪ ਦਾ ਹੁਕਮ ਜੇਹੜਾ ਬੈਠਕੇ ਤੇ ਪੂਰਨ ਹੈ ਰੱਬ ਨੂੰ ਧਿਆਂਵਦਾ। ਤੂੰਹੀਂ ਬਖਸ਼ਿੰਦ ਮੇਰੇ ਔਗਣਾ ਨੂੰ ਆਪ ਜਾਣੇ ਤੇਰਾ ਹੈ ਹੁਕਮ ਵਿਚ ਜੱਗ ਵਰਤਾਂਵਦਾ। ਪੂਰਨ ਅਕੈਤ ਹੋ ਸਮਾਧੀ ਲਾਈ ਬੇਲਾਸਿੰਘਾ ਓਸਲੇ ਜਲਾਦ ਹੱਥ ਪੈਰ ਹੈ ਕਟਾਂਵਦਾ॥੧੦੮॥ ਹੱਥ ਪੈਰ ਵੱਢਕੇ ਤਾਂ ਰਤ ਜਿੰਨੀ



Digitized by Panjab Digital Library | www.panjabdigilib.org

ਛੈਨੇ ਪਾਈ ਪੂਰਨ ਦੀ ਲੋਥ ਵਿਚ ਖੂਹੇ ਦੇ ਵਗਾਉਂਦੇ। ਓਸ ਵੇਲੇ ਅੱਧਾ ਖੂਹ ਸੁਕ ਜਾਂਦਾ ਪਾਣੀ ਯਾਰੋ ਅੱਧਾ ਓਦੇ ਪੀਣ ਨੂੰ ਜੋ ਆਬ ਹੈ ਰਖਾਉਂਦੇ। ਆਪ ਪ੍ਰਮਾਤਮਾਂ ਨੇ ਸਾਰ ਲੀਤੀ ਓਸ ਵੇਲੇ ਚਾਰ ਜੋ ਫਰਿਸ਼ਤੇ ਹੌਲੀ ਪੂਰਨ ਨੂੰ ਬਠਾਉਂਦੇ। ਭਗਤਾਂ ਦੀ ਸਾਰ ਆਪ ਰਖਦਾ ਹੈ ਬੇਲਾਸਿੰਘਾ ਸੱਚੇ ਰਾਦੇ ਨਾਲ ਜੇਹੜੇ ਓਸਨੂੰ ਧਿਆਉਂਦੇ॥੧੦੯॥ਭਗਤਾਂ ਦੀ ਦੁੱਖ ਪੀੜ ਮੁਢੋਂ ਲਾਕੇ ਕੱਟਦਾ ਹੈ ਭਗਤਾਂ ਦੀ ਸਾਰ ਯਾਰੋ ਮੁਢੋਂ ਲੈਂਦਾ ਆਇਆ ਜੀ। ਭਗਤ ਪ੍ਰੈਹਲਾਦ ਨੂੰ ਜੋ ਬਹੁਤ ਤਖਲੀਫ ਹੋਈ ਕੀੜੀ ਰੂਪ ਧਾਰ ਦਿਲ ਓਸਦਾ ਵਧਾਇਆ ਜੀ। ਇਕੋ ਬੇਟਾ ਰਾਜੇ ਮੋਰਧੁਜ ਦਾ ਜੋ ਮਾਰਿਆ ਸੀ ਚੀਰ ਕੇ ਤੇ ਆਰੇ ਨਾਲ ਸ਼ੇਰ ਅਗੇ ਪਾਇਆ ਜੀ। ਭਗਤੀ ਸਬੂਤ ਰਖੀ ਭਗਤਾਂ ਦੀ ਬੇਲਾਸਿੰਘਾ ਆਪ ਪ੍ਰੰਮਾ ਤਮਾਂ ਨੇ ਖੇਲ ਜੋ ਰਚਾਇਆ ਜੀ॥੧੧੦॥ਰੌਣ ਜੇਹੇ ਰਾਜੇ ਏਸ ਜਗ ਤੋਂ ਚਲੰਤ ਹੋਏ ਕਾਲ ਜਿਨ੍ਹਾਂ ਬੱਧਾ ਪਾਵੇ ਨਾਲ ਭਾਈ ਖਾਲਸਾ। ਲਛਮਣ ਜੇਡ ਜਤੀ ਕੋਈ ਹੋਇਆ ਨਾ ਜਹਾਨ ਵਿਚ ਰਾਮ ਚੰਦ ਗਏ ਬਣਬਾਸ ਭਾਈ ਖਾਲਸਾ। ਬ੍ਰੰਮਾਂ ਬਿਸ਼ਨ ਕਿਸ਼ਨ ਮਹਾਂ ਦੇਵ ਆਦ ਜੱਗ ਆਏ ਕਾਲ ਨੇ ਖਪਾਏ ਓਬੀ ਖਾਸ ਭਾਈ ਖਾਲਸਾ। ਵਡੇ ਵਡੇ ਰਿਖੀ ਮੁਨੀ ਜਗ ਤੋਂ ਚਲੰਤ ਹੋਏ ਬੇਲਾ ਸਿੰਘ ਚਲਨਾ ਹੈ ਖਾਸ ਭਾਈ ਖਾਲਸਾ॥੧੧੧॥ਜਿਸ ਵੇਲੇ ਹਥ ਪੈਰ ਪੂਰਨ ਦੇ ਵੱਢ ਦਿਤੇ ਧਰਤ ਤੇ ਅਕਾਸ਼ ਦੋਵੇਂ ਡੋਲਦੇ ਨੇ ਆਇਕੇ। ਚੰਦ੍ਰਮਾ ਤੇ ਸੂਰਜ ਵੀ ਵੱਟ ਖਾਧਾ ਤਾਰਿਆਂ ਨੇ ਹੋਏ ਸ਼ਰਮਸਾਰ ਲੁਕੇ ਬਦਲਾਂ ਮੇ ਜਾਇਕੇ। ਬ੍ਰਹਮ ਪੁਰੀ ਵਿਚ ਸਾਰੇ ਜੈ ਜੈ ਕਾਰ ਹੋਣ ਲਗੀ ਮਾਤ ਲੋਕ ਵਿਚ ਹੜਤਾਲ ਹੋਈ ਆਇਕੇ। ਡੋਲਿਆ ਸਿੰਘਾਸਨ ਜੋ ਇੰਦਰ ਵਾਲਾ ਬੇਲਾਸਿੰਘਾ ਗੋਰਖ ਜੋ ਗੁਰੂ ਹੁਣ ਖੂਹੋਂ ਕੱਢੂ ਆਇਕੇ॥੧੧੨॥ਹਥ ਪੈਰ ਪੂਰਨ



Digitized by Panjab Digital Library | www.panjabdigilib.org

ਦੇ ਰੱਤ ਛਨੇ ਪਾਇਕੇ ਤੇ ਚੁਕ ਕੇ ਜਲਾਦ ਪਾਸ ਲੂਣਾ ਦੇ ਲਜਾਵੰਦਾ। ਵੇਖਕੇ ਤੇ ਹਥ ਪੈਰ ਛੰਨਾ ਨਾਲੇ ਲਹੂ ਵਾਲਾ ਲੂਣਾ ਵਾਲਾ ਦਿਲ ਤਦੋਂ ਖੁਸ਼ੀਆਂ ਮਨਾਵੰਦਾ। ਆਖਿਆ ਜੇ ਮੇਰਾ ਕਦੇ ਮੰਨ ਲੈਂਦਾ ਪੂਰਨਾ ਤੂੰ ਖੂਹੇ ਕਾਹਨੂੰ ਪੈਂਦਾ ਨਾਲੇ ਹੱਥ ਕਿਓਂ ਵਢਾਵੰਦਾ। ਪਕੜ ਜਲਾਦਾਂ ਤੈਨੂੰ ਮਾਰਿਆ ਹੈ ਬੇਲਾਸਿੰਘਾ ਹੁਕਮ ਜੋ ਮੇਰਾ ਰਾਜਾ ਖੂਬ ਹੈ ਬਜਾਵੰਦਾ॥੧੧੩॥ਪੂਰਨ ਦੀ ਗੱਲ ਸੁਣ ਲੋਕਾਂ ਬਹੁਤ ਗਮ ਕੀਤਾ ਰਾਜਾ ਰਾਣੀ ਲੂਣਾ ਬਹੁਤ ਖੁਸ਼ੀਆਂ ਮਨਾਉਂਦੇ। ਸਾਰੇ ਸ਼ੈਹਰ ਵਿਚ ਹੜਤਾਲ ਹੋਈ ਓਸ ਦਿਨ ਹਟੀਆਂ ਤਮਾਮ ਸਾਰੇ ਬੰਦ ਹੈਂ ਰਖਾਉਂਦੇ। ਸ਼ੈਹਰ ਦੀ ਲੁਕਾਈ ਸਾਰੇ ਗਏ ਘਰੀਂ ਇੱਛਰਾਂਦੀ ਪੂਰਨ ਦੀ ਵਲੋਂ ਲੋਕ ਗਮ ਬਹੁਤ ਖਾਂਉਦੇ। ਇੱਛਰਾਂ ਜੋ ਮਾਤਾ ਵਿਰਲਾਪ ਕਰੇ ਬੇਲਾਸਿੰਘਾ ਦੇਣ ਦਿਲਬਰੀ ਲੋਕ ਰੋਣੋ ਹੈ ਹਟਾਉਂਦੇ॥੧੧੪॥ਪੂਰਨ ਨੂੰ ਖੂਹੇ ਪਾਏ ਬਾਰਾਂ ਸਾਲ ਬੀਤ ਚੁਕੇ ਆਪ ਪ੍ਰਮਾਤਮਾ ਨੇ ਭਗਤ ਅਜਮਾਇਆ ਸੀ। ਗੋਰਖ ਜੋ ਨਾਥ ਦੇ ਸੀ ਦਿਲ ਵਿਚ ਖੁਸ਼ੀ ਆਈ ਸ਼ੈਹਰ ਸਿਆਲ ਕੋਟ ਵੱਲ ਚੇਲੇ ਲੈਕੇ ਧਾਇਆ ਸੀ। ਆਣਕੇ ਸਿਆਲ ਕੋਟ ਡੇਰਾ ਲਾਇਆ ਜੰਗਲ ਮੇਂ ਖੂਹਾ ਓਥੇ ਪਿਛੋਂ ਇਕ ਬਿਕ੍ਰਮਾ ਲੁਵਾਇਆ ਸੀ। ਡੇਰਾ ਲਾਕੇ ਸਾਧੂ ਚਲੇ ਪਾਣੀ ਲੈਣ ਬੇਲਾਸਿੰਘਾ ਡੋਲ ਜਾਕੇ ਸਾਧੂ ਨੇ ਜੋ ਖੂਹੇ ਮੇਂ ਵਗਾਇਆ ਸੀ॥੧੧੫॥ਡੋਲ ਜਾਂ ਵਗਾਇਆ ਸਾਧੂ ਪਾਣੀ ਵਲ ਵੇਖਦਾ ਹੈ ਔਧਾ ਖੂਹ ਸੁੱਕਾ ਓਦੀ ਨਜਰ ਵਿਚ ਆਂਵਦਾ। ਵੇਖਕੇ ਹਿਰਾਨ ਸਾਧੂ ਹੋਇਆ ਪਰੇਸ਼ਾਨ ਜਾਰੋ ਪੂਰਨ ਭਗਤ ਵਿਚੋਂ ਬੋਲਕੇ ਸੁਣਾਂਵਦਾ। ਬਾਰਾਂ ਸਾਲ ਪਿਛੋਂ ਮੁਖ ਵੇਖਿਆ ਮੈਂ ਆਦਮੀ ਦਾ ਅੱਜ ਸੱਚਾ ਸਾਈਂ ਨਿਗਾ ਮੇਹਰ ਵਾਲੀ ਪਾਵੰਦਾ। ਬੋਲ ਸੁਣ ਖੂਹੇ ਵਿਚੋਂ ਡਰੇ ਸਾਧੂ ਬੇਲਾਸਿੰਘਾ ਸਾਧ ਓਥੋਂ ਭੱਜਾ ਜਾਕੇ ਗੁਰੂ

ਹਰ ਪ੍ਰਕਾਰ ਦੀਅ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ-

Digitized by Panjab Digital Library | www.panjabdigilib.org

ਨੂੰ ਸੁਣਾਵੰਦਾ॥੧੧੬॥ਖੂਹ ਵਲ ਗਿਆ ਪਾਣੀ ਲੈਣ ਗੁਰੂ ਨਾਥ ਜੀ ਮੈਂ ਡੋਲ ਜਾ ਵਰਾਇਆ ਫੇਰ ਤਲੇ ਨਿਗਾ ਪਾਵੰਦਾ। ਸ਼ੈਤ ਜਿੰਨ ਭੂਤ ਕਿ ਚੁੜੇਲ ਹੈ ਅਵਾਜ ਦਿੰਦੀ ਵੇਖਕੇ ਜੋ ਕੌਤਕ ਮੈਂ ਬਹੁਤ ਗਮ ਖਾਵੰਦਾ। ਔਧਾ ਖੂਹ ਸੁਕਾ ਹੋਇਆ ਵੇਖਿਆ ਮੈਂ ਨਿਗਾ ਪਾਕੇ ਆਦਮੀ ਦੇ ਬੁਤ ਜੇਹਾ ਮੈਨੂੰ ਨਜਰ ਆਵੰਦਾ। ਸੁਣਕੇ ਅਚੰਭਾ ਗਲ ਸਾਧ ਪਾਸੋਂ ਬੇਲਾਸਿੰਘਾ ਗੋਰਖ ਸਮੇਤ ਝੁੰਡ ਸਾਰਾ ਓਥੇ ਆਵੰਦਾ॥੧੧੭॥ ਗੋਰਖ ਜੋ ਗੁਰੂ ਪੁਛੇ ਖੂਹੇ ਵਿਚ ਕੌਣ ਹੈਂ ਤੂੰ ਜਿੰਨ ਕਿ ਭੂਤ ਸਾਨੂੰ ਸੱਚ ਤੂੰ ਸੁਣਾਵਣਾ। ਨਹੀਂ ਵੇਦ ਮੰਤ੍ਰਾਂ ਦੇ ਨਾਲ ਤੇਰਾ ਨਾਸ ਕਰਾਂ ਸੱਚ ਸੱਚ ਵਾਲਾ ਸਾਨੂੰ ਬਚਨ ਸੁਣਾਵਨਾ। ਪੂਰਨ ਜੋ ਬੋਲਦਾ ਹੈ ਦਿਲੋਂ ਹਾਹੀਂ ਮਾਰਕੇ ਤੇ ਗੋਰਖ ਨੂੰ ਕਹੇ ਮੈਨੂੰ ਕੱਢ ਬਾਹਰ ਜਾਵਣਾ। ਆਖਦਾ ਹੈ ਗੁਰੂ ਦਿਲੋਂ ਕਠਣ ਹੋਕੇ ਬੇਲਾਸਿੰਘਾ ਫੇਰ ਤੈਨੂੰ ਕੱਢੂੰ ਪੈਹਲਾਂ ਹਾਲ ਤੂੰ ਸੁਣਾਵਣਾ॥੧੧੮॥ ਆਖਦਾ ਹੈ ਪੂਰਨ ਜੋ ਬੁਤ ਹਾਂ ਮੈਂ ਆਦਮੀ ਦਾ ਹੋਰ ਕੋਈ ਦਿਲ ਉਤੇ ਗਮ ਨਾ ਲਿਆਵਣਾ। ਹੱਥ ਪੈਰ ਨਾਲ ਮੇਰੇ ਹੈ ਨਹੀਂ ਕਦੰਤ ਸਾਈਆਂ ਬੰਦਾ ਖਾਕੀ ਮੈਨੂੰ ਪੰਜ ਤੱਤ ਦਾ ਪਛਾਨਣਾ। ਬਾਰਾਂ ਸਾਲ ਹੋਏ ਬਾਬਾ ਖੂਹ ਵਿਚ ਪਿਆਂ ਮੈਨੂੰ ਏਸ ਜੋ ਉਜਾੜ ਵਿਚ ਨਹੀਂ ਔਣਾ ਜਾਵਣਾ। ਧੰਨ ਭਾਗ ਦਰਸ਼ਨ ਤੁਸਾਡੇ ਹੋਏ ਬੇਲਾਸਿੰਘਾ ਗੋਰਖ ਜੋ ਬਚਨ ਕਰੇ ਪੂਰਨ ਨੇ ਮਾਨਣਾ ॥ ੧੧੯ ॥ ਆਖਦਾਹੈ ਗੁਰੂ ਜੇ ਤੂੰ ਭਗਤ ਸੱਚੇਰੱਬ ਦਾ ਹੈਂ ਕੱਚਾਤੰਦ ਧਾਗਾ ਤੇਰੀ ਵੱਲ ਮੈਂ ਵਰ੍ਹਾਵੰਦਾ। ਤਾਗਾ ਜਾਂ ਵਰ੍ਹਾਇਆਗੁਰੂ ਸਾਬਤੀ ਜੋ ਵੇਖਣੇ ਨੂੰ ਕੱਚਾ ਤੰਦ ਪੂਰਨ ਜੋ ਮੁਖ ਮੇਂ ਦਬਾਵੰਦਾ। ਖਿਚਿਆ ਜਾਂ ਤਾਗਾ ਰਮਾਰਮੀ ਪੂਰਨ ਬਾਹਰ ਆਇਆ ਵੇਖਕੇ ਤੇ ਗੁਰੂ ਦਿਲ ਖੁਸ਼ੀ ਵਿਚ ਆਂਵਦਾ। ਕੱਢਕੇ ਤੇ ਬਾਹਰ ਗੁਰੂ ਓਸ



Digitized by Panjab Digital Library | www.panjabdigilib.org

ਵੇਲੇ ਬੇਲਾ ਸਿੰਘਾ ਲੋਥ ਨੂੰ ਚੁਕਾਕੇ ਡੇਰੇ ਆਪਣੇ ਲਿਆਂਵਦਾ ॥ ੧੨੦ ॥ ਡੇਰੇ ਮੇਂ ਲਿਆਕੇ ਗੁਰੂ ਪਾਇਆ ਪੜਦਾ ਪੂਰਨਤੇ ਓਸ ਵੇਲੇਂ ਆਪ ਸੱਚੇ ਰਬ ਨੂੰ ਧਿਆਉਂਦਾ। ਗੋਰਖ ਜੋ ਗੁਰੂ ਹੱਥ ਬੰਨ ਅਰਜੋਈ ਕਰੇ ਆਪ ਸੱਚਾ ਸਾਈਂ ਏਦੇਜ਼ਖਮ ਮਿਲਾ ਉਂਦਾ। ਹਥ ਪੈਰ ਕੀਤੇ ਹੈਂ ਸਬੂਤ ਪ੍ਰਮਾਤਮਾ ਨੇ ਦੇਇਕੇ ਤੇ ਦੁਖ ਫੇਰ ਸੁਖ ਹੈ ਵਿਖਾਉਂਦਾ। ਬੜਾ ਹੈ ਬੇਅੰਤ ਮਹਾਰਾਜ ਆਪ ਬੇਲਾਸਿੰਘਾ ਪੂਰਨਭਗਤ ਤਾਈਂ ਆਪ ਹੈ ਤੁਰਾਉਂਦਾ ॥੧੨੧॥ ਪੁਛਦਾ ਹੈ ਗੁਰੂ ਜੋ ਪਿਆਰ ਨਾਲ ਪੂਰਨ ਸੇ ਕੇੜੇ ਸ਼ੈਹਰ ਘਰ ਤੇਰੇ ਲੜਕਿਆ ਬਤਾਂਵਦੇ। ਕੇੜਾ ਹੈ ਗਰਾਉਂ ਨਾਮ ਤੁਧ ਦਾ ਕੀ ਸਦਦੇ ਹੈਂ ਮਾਈ ਅਤੇ ਬਾਪ ਤੇਰੇ ਨਾਮ ਕੀ ਸਦਾਂਵਦੇ। ਸੱਚ ਸੱਚ ਦੱਸੀਂ ਝੂਠ ਬੋਲੀਂ ਨਹੀਂ ਸਾਡੇਪਾਸ ਗੋਰਖ ਜੋ ਗੁਰੂ ਹੋਰੀ ਸੱਚ ਹੈਂਸੁਣਾਂਵਦੇ। ਹਥਜੋੜ ਪੂਰਨ ਅਰਜੋਈ ਕਰੇ ਬੇਲਾ ਸਿੰਘਾ ਸਚ ਸਚ ਦੱਸੂ ਜਿਵੇਂ ਖੂਹੇ ਵਿਚ ਪਾਂਵਦੇ ॥ ੧੨੨ ॥ ਹਥ ਜੋੜ ਆਖਦਾ ਹੈ ਪੂਰਨ ਜੋ ਗੁਰੂ ਤਾਈਂ ਸਚ ਸਚ ਵਾਲੀ ਬਾਤ ਤੁਧ ਕੋ ਪੁਕਾਰਦਾ। ਮੁਲਖ ਪੰਜਾਬ ਰਾਜੇ ਬਿਕ੍ਰਮਾ ਦੀ ਕੁਲਵਿਚੋਂ ਰਾਜਾਸਲਵਾਨ ਨਾਮ ਬਾਪ ਦਾ ਪੁਕਾਰਦਾ। ਇਛਰਾਂ ਹੈ ਮਾਤਾ ਮੇਰਾ ਨਾਮਹੈ ਪੂਰਨ ਨਾਥਾ ਸਿਆਲਕੋਟਸ਼ੈਹਰ ਸਾਡਾ ਰਾਜ ਹੈ ਪੁਕਾਰਦਾ। ਜਿਸ ਰੋਜ ਜੰਮਿਆ ਮੈਂ ਰਾਜੇ ਘਰ ਬੇਲਾ ਸਿੰਘਾ ਪੱਤ੍ਰੀ ਖੁਲ੍ਹਾ ਕੇ ਰਾਜਾ ਭੋਰੇ ਮੇਂ ਉਤਾਰਦਾ ॥ ੧੨੩ ॥ ਬਾਰਾਂ ਸਾਲ ਰਿਹਾ ਮੈਂ ਤਾਂ ਭੋਰੇ ਮੇਂ ਹੁਕਮ ਨਾਲ ਫੇਰ ਬਾਹਰ ਕੱਢਕੇ ਤੇ ਰਾਜਾ ਹੈ ਸੁਣਾਂਵਦਾ। ਜਾਹ ਘਰੀਂ ਪੂਰਨਾ ਤੂੰ ਮਾਵਾਂ ਤਾਈਂ ਟੇਕ ਮੱਥਾ ਤਦੋਂ ਰਾਣੀ ਲੂਣਾ ਦੇ ਮੈਂ ਮੋਹਲ੍ਹਾਂ ਵਲ ਜਾਂਵਦਾ। ਟੇਕਿਆ ਹੈ ਮੱਥਾ ਪੈਰੀਂ ਹੱਥ ਲਾਇਆ ਮਾਤ੍ਰੀ ਦੇ ਸਗੋਂ ਮੈਨੂੰ ਵੇਖ ਓਦਾ ਦਿਲ ਗੋਤੇ ਖਾਂਵਦਾ। ਜਿਮੀ ਅਸਮਾਨ



Panjab Digital Library | www.pan

ਇਕ ਕਰਨ ਲਗੀ ਬੇਲਾ ਸਿੰਘਾ ਗੋਰਖ ਜੋ ਨਾਥ ਗਲ ਸਾਰੀ ਸਮਝਾਂਵਦਾ ॥ ੧੨੪ ॥ ਵਡੇ ਸਾਰੇ ਜੋਰ ਨਾਲ ਨਿਕਲਾ ਮੈਂ ਮੈਹਲਾਂ ਵਿਚੋਂ ਅਪਣਾ ਧਰਮ ਗੁਰੂ ਨਾਥ ਜੀ ਬਚਾਇਕੇ ਔਂਦੇ ਘਰ ਰਾਜੇ ਨੂੰ ਜੋ ਲੂਣਾ ਨੇ ਮਕਰ ਕੀਤਾ ਉਲਟ ਪੁਲਟ ਗੱਲਾਂ ਕਹੇ ਰਾਜੇ ਨੂੰ ਸੁਣਾਇਕੇ। ਅੱਗ ਵਾਂਗ ਰਾਜਾ ਭਖੇ ਗੱਲਾਂ ਸੁਣ ਲੂਣਾ ਪਾਸੋਂ ਸਦਿਆ ਸੀ ਮੈਨੂੰ ਤੇ ਚਪੇੜਾਂ ਮਾਰੇਆਇਕੇ ਬਾਪ ਨੇ ਜੋ ਹੁਕਮ ਸੁਣਾਇਆ ਛੇਤੀ ਬੇਲਾ ਸਿੰਘਾ ਹਥ ਪੈਰ ਵੱਢਕੇ ਜਲਾਦ ਗਏ ਪਾਇਕੇ ॥ ੧੨੫ ॥ ਸੁਣਕੇ ਤੇ ਗੋਰਖ ਦਰਦ ਰੁੰਨਾ ਪੂਰਨ ਦੇ ਆਖਦਾ ਹੈ ਬੱਚਾ ਮੇਰਾ ਹੁਕਮ ਤੁਸਾਂ ਮਾਨਣਾ। ਜਾਓ ਘਰ ਆਪਣੇ ਜੋ ਠੰਢ ਪਵੇ ਮਾਪਿਆਂ ਨੂੰ ਹੱਥ ਪੈਰ ਰੱਬ ਦਿਤੇ ਓਸ ਤਾਈਂ ਮਾਨਣਾ। ਦੁਖ ਤੇਰਾ ਸਾਰਾ ਪ੍ਰਮਾਤਮਾ ਨਵਿਰਤ ਕੀਤਾ ਦੁਖ ਜਿੰਨਾਪਾਇਆ ਹੁਣ ਸੁਖ ਜਾਕੇਮਾਨਣਾ। ਪੂਰਨ ਸੁਣਾਵੇ ਗੁਰੂ ਗੋਰਖ ਨੂੰ ਬੇਲਾ ਸਿੰਘਾ ਤੇਰਾ ਲੜ ਛੋਡ ਹੁਣ ਮੈਂ ਕਿਥੇ ਜਾਵਣਾ ॥ ੧੨੬ ॥ ਆਖਦਾ ਹੈ ਪੂਰਨ ਜੋ ਹਥ ਜੋੜ ਗੁਰਾਂ ਤਾਈਂ ਆਪਣੇ ਤੇ ਨਾਲ ਮੈਨੂੰ ਰੱਖਣਾ ਹਮੇਸ਼ ਜੀ।ਤੇਰਾ ਮੈਂ ਗੁਲਾਮ ਤੇਰਾ ਬਰਦਾ ਮੈਂ ਹੋਇ ਚੁਕਾ ਕਰੂੰ ਟੈਹਲ ਤੇਰੀ ਹੋਰ ਛੋਡਿਆ ਕਲੇਸ਼ ਜੀ। ਮਾਈ ਬਾਪ ਭੈਣ ਭਾਈ ਅੰਗ ਸਾਕ ਪੁਤ ਧੀਆਂ ਦੁਨੀਆਂ ਦੇ ਵਿਚ ਪਰਪੰਚ ਦਾ ਕਲੇਸ਼ ਜੀ। ਏਸ ਫਾਹੀ ਵਿਚੋਂ ਮੈਨੂੰ ਕੱਢਲੈ ਤੂੰ ਬੇਲਾਸਿੰਘਾ ਮੈਨੂੰ ਦਿਓ ਗੁਰੂ ਨਾਥ ਜੋਗ ਉਪਦੇਸ਼ ਜੀ ॥ ੧੨੭ ॥ ਆਖਦਾ ਹੈ ਗੋਰਖ ਤੇ ਜੋਗ ਨੂੰ ਕਮੌਣ ਔਖਾ ਸੁੰਦਰ ਜੋ ਖਾਣੇ ਤੇ ਹੰਡੌਣਾ ਚੰਗਾ ਛਡਣਾ। ਦੁਧ ਤੇ ਮਲਾਈ ਇਥੋਂ ਨਹੀਂ ਮਿਲੂ ਪੂਰਨਾ ਓਇ ਲੇਟਣਾ ਜ਼ਮੀਨ ਉਤੇ ਧੂੰਆਂ ਪਾਇ ਛੱਡਣਾ। ਇਸਤ੍ਰੀ ਬਗਾਨੀ ਮਾਤ ਭੈਣ ਕਰ ਜਾਨਣੀ ਹੈ ਵਿਸ਼ੇ ਤੇ ਵਕਾਰਾਂ ਦਾ ਨਾ ਸੁਆਦ ਇਥੋਂ ਲੱਭਣਾ



Digitized by Panjab Digital Library | www.panjabdigilib.org

ਅੰਗ ਸਾਕ ਭੈਣਭਾਈ ਮਿਲਣਾ ਨ ਬੇਲਾਸਿੰਘਾ ਦੁਨੀਆਂ ਧਧਾਲ ਪਊ ਪੂਰਨਾ ਜੋ ਛਡਣ॥੧੨੮॥ ਆਖਦਾ ਹੈ ਪੂਰਨ ਜੇ ਦੁਨੀਆਂ ਦੀ ਲੋੜ ਹੁੰਦੀ ਲੱਖ ਤੇ ਹਜਾਰ ਘਰ ਸ਼ਾਦੀਆਂ ਕਰਾਉਂਦਾ। ਕਿਹਾ ਤਦੋਂ ਲੂਣਾ ਦਾ ਮੈਂ ਮੰਨ ਲੈਂਦਾ ਵਿਸ਼ੇ ਪਿਛੇ ਖੂਹੇ ਕਾਹਨੂੰ ਪੈਂਦਾ ਫੇਰ ਹਥ ਕਿਉਂ ਵਢਾਉਂਦਾ। ਲੇਟਣਾ ਜਮੀਨ ਉਤੇ ਮੈਨੂੰ ਮਨਜੂਰ ਨਾਥਾ ਲੇਫ ਤੇ ਤੁਲਾਈ ਵਾਲਾ ਨਾਮ ਨਾ ਮੈਂ ਗਾਉਂਦਾ। ਦੁਧ ਤੇ ਮਲਾਈ ਦੀ ਨਾ ਖਾਹਸ਼ ਮੈਨੂੰ ਬੇਲਾਸਿੰਘਾ ਬਾਰਬਾਰ ਨਾਥ ਜੀ ਤੂੰ ਮੈਨੂੰ ਕੀ ਸੁਣਾਉਂਦਾ॥੧੨੯॥ ਛੇਤੀ ਕਰੋ ਨਾਥ ਜੀ ਬਖਸ਼ ਦਿਓ ਜੋਗ ਰੀਤ ਤੇਰਾ ਮੈਂ ਦੁਆਰਾ ਛੋਡ ਹੋਰ ਕਿਥੇ ਜਾਵਸਾਂ! ਕਰੂੰ ਮੈਂ ਪ੍ਰੇਮ ਨਾਲ ਜੋਗੀਆਂ ਦੀ ਟੈਹਲ ਨਾਥਾ ਧੂਆਂ ਪਾਇ ਛੱਡੂੰ ਮੇਰਾ ਭੋਜਨ ਲਿਆਵਸਾਂ। ਸਾਰਿਆਂ ਦਾ ਦਾਸ ਹੋਕੇ ਰਹੂੰ ਗੁਰੂ ਨਾਥ ਜੀ ਮੈਂ ਨਹੀਂ ਅਘਮਾਨ ਕੋਈ ਦਿਲ ਮੇਂ ਕਰਾਵਸਾਂ। ਮੇਹਰ ਬਾਨੀ ਘਰ ਵਿਚ ਆਉ ਤੁਸੀਂ ਬੇਲਾਸਿੰਘਾ ਭਾਵੇਂ ਧਕੇ ਦਿਓ ਨਹੀਂ ਮੂਲ ਕਿਤੇ ਜਾਵਸਾਂ॥੧੩੦॥ ਨਾਥ ਨੇ ਮਲੂਮ ਕੀਤਾ ਲਗ ਗਈ ਟਕੋਰ ਏਨੂੰ ਹੁਣ ਨਹੀਂ ਮੂਲ ਏਹੇ ਡੇਰਾ ਸਾਡਾ ਛਡਦਾ। ਗੇਰੀ ਦਾਰ ਕਪੜੇ ਰੰਗਾਏ ਛੇਤੀ ਬਾਲ ਨਾਥ ਮੁੰਦਰਾਂ ਸੀ ਪਾਈਆਂ ਨਾਲੇ ਕੰਨ ਪਾੜ ਛਡਦਾ। ਸਵਾ ਲਖ ਚੇਲੇ ਵਿਚੋਂ ਪੂਰਨ ਬਨਾਇਆ ਜੋਗੀ ਮੁਦਤਾਂ ਦੇ ਚੇਲੇ ਹੋਰ ਕਈ ਓਹ ਛਡਦਾ। ਐਸਾ ਜੋਗੀ ਨਾਥ ਨੇ ਬਨਾਇਆ ਜੋਗੀ ਬੇਲਾਸਿੰਘਾ ਦਿੰਦਾ ਉਪਦੇਸ਼ ਹੁਣ ਦਸੇ ਰਾਹਾ ਰਬਦਾ॥੧੩੧॥ ਪੂਰਨ ਬਣਾਇਆ ਓਸ ਵੇਲੇ ਬਾਲ ਨਾਥ ਚੇਲਾ ਮੰਗਣ ਝੜਾਵੇ ਹੁਕਮ ਨਾਲ ਗੁਰੂ ਆਪ ਜੀ। ਮੰਗਣ ਹੈ ਜਾਂਦਾ ਸ਼ੈਹਰ ਪੈਹਲਾਂ ਰਾਣੀ ਸੁੰਦਰਾਂ ਦੇ ਦਿਤਾ ਉਪਦੇਸ਼ ਓਸ ਵੇਲ ਬਾਲ ਨਾਥ ਜੀ। ਹਰ ਕਿਸੇ ਤਾਈਂ ਮਾਈ ਭੈਣ ਕਰ ਬੋਲਣਾ ਹੈ ਦਾਗ ਨਾ ਫਕੀਰੀ ਨੂੰ ਲਗਾਈਂ ਕੋਈ



Digitized by Panjab Digital Library | www.panjabdigilib.org

ਸਾਬ ਜੀ। ਫਿਰਨਾ ਸੰਭਾਲ ਕੇ ਮੁਲਖ ਵਿਚ ਬੇਲਾਸਿੰਘਾ ਏਹੋ ਸਾਡੀ ਮਤ ਕਰੋ ਰਬ ਵਾਲਾ ਜਾਪ ਜੀ॥੧੩੨॥ ਬੋਲਕੇ ਤੇ ਜੋਗੀ ਫੇਰ ਪੂਰਨ ਨੂੰ ਆਖਦੇ ਹੈਂ ਸੁੰਦਰਾਂ ਤੋਂ ਖੈਰ ਲੈਕੇ ਆਵੇ ਤਦੋਂ ਜਾਣੀਏ। ਬਾਰਾਂ ਬਾਰਾਂ ਸਾਲ ਧੂਣੀ ਲਾਇਕੇ ਮਹੱਲਾਂ ਹੇਠ ਮੂਹੋਂ ਕੈਹਣ ਖੈਰ ਸਾਨੂੰ ਆਕੇ ਪਾਈਂ ਰਾਣੀਏ। ਅਜ ਤਕ ਨਹੀਂ ਖੈਰ ਆਂਦਾ ਕਿਸੇ ਸੁੰਦਰਾਂ ਤੋਂ ਜਾਇਕੇ ਬੇਸ਼ਕ ਮੈਹਲਾਂ ਹੇਠ ਮੌਜ ਮਾਣੀਏ। ਦਿਤਾ ਨਾ ਦੀਦਾਰ ਰਾਣੀ ਕਿਸੇ ਤਾਈਂ ਬੇਲਾਸਿੰਘਾ ਪੂਰਨਾ ਖਬਰ ਨਹੀਂ ਤੁਧ ਕੈਸਾ ਜਾਣੀਏ॥੧੩੩॥ ਸ਼ੈਹਰ ਰਿੜਹਾਣਾ ਤੁਸੀ ਸੁੰਦਰਾਂ ਦਾ ਜਾਣ ਲੈਣਾ ਤਵਾਰੀਖ ਵਾਲੀ ਇਕ ਜਗਾ ਮੈਂ ਸੁਣਾਵੰਦਾ। ਪੂਰਨ ਭਗਤ ਲੈਕੇ ਆਗਿਆ ਜੋ ਗੁਰਾਂ ਪਾਸੋਂ ਸ਼ੈਹਰ ਰਿੜਹਾਣੇ ਵਲ ਸੁੰਦਰਾਂ ਦੇ ਜਾਵੰਦਾ।ਜਾਇਕੇ ਤੇ ਡਿਠਾ ਸ਼ੈਹਰ ਸਾਰਾ ਯਾਰੋ ਸੁੰਦਰਾਂ ਦਾ ਫੇਰ ਮੈਹਲਾਂ ਹੇਠ ਆਕੇ ਅਲਖ ਜਗਾਵੰਦਾ। ਆਖਦੀ ਹੈ ਸੁੰਦਰਾਂ ਜੋ ਗੋਲੀ ਤਾਈਂ ਬੇਲਾ ਸਿੰਘਾ ਖੈਰ ਜਾਕੇ ਪਾਦੇ ਨਹੀਂ ਜੋਗੀ ਚਲਾ ਜਾਵੰਦਾ ॥੧੩੪॥ ਖੈਰ ਲੈਕੇ ਗੋਲੀ ਜਦੋਂ ਆਈ ਪਾਸ ਪੂਰਨ ਦੇ ਮੋੜਦਾ ਹੈ ਗੋਲੀ ਨੂੰ ਜੋ ਪਿਛਾਂ ਪਰਤਾਇਕੇ। ਖੈਰ ਲੈਣਾ ਸੁੰਦਰਾਂ ਤੋਂ ਗੋਲੀਆਂ ਤੋਂ ਨਹੀਂ ਲੈਣਾ ਲੋੜ ਹੈ ਜੇ ਰਾਣੀ ਨੂੰ ਤਾਂ ਖੈਰ ਪਾਵੇ ਆਇਕੇ। ਮੋੜਕੇ ਜਵਾਬ ਦਿਤਾ ਗੋਲੀ ਆਕੇ ਰਾਣੀ ਤਾਈਂ ਜੋਗੀ ਖੈਰ ਲੈਂਦਾ ਨਹੀਂ ਰਾਣੀ ਪਾਵੇ ਆਇਕੇ। ਐਸਾ ਸੋਹਣਾ ਜੋਗੀ ਅਗੇ ਵੇਖਿਆ ਨਾ ਬੇਲਾਸਿੰਘਾ ਰੂਪ ਦਾ ਗੁਮਾਨ ਤੈਨੂੰ ਜੋਗੀ ਵੇਖ ਜਾਇਕੇ॥੧੩੫॥ ਖੋਲਕੇ ਤਾਂ ਤਾਕੀ ਰਾਣੀ ਵੇਖਦੀ ਹੈ ਜੋਗੀ ਵਲ ਵੇਖਕੇ ਸਰੂਪ ਦਿਲੋਂ ਹੋਈ ਦੰਗ ਆਪਦੇ। ਗੋਲੀ ਨੂੰ ਸੁਣਾਵੇ ਸੱਦ ਅੰਦਰ ਲਿਆਵੀਂ ਏਨੂੰ ਏਦਾ ਰੂਪ ਸੋਹਣਾ ਮੇਰੇ ਨਾਲੋਂ ਦਿਸੇ ਜਾਪਦੇ। ਪੂਰਨ ਨੂੰ ਕਹੇ ਗੋਲੀ ਚਲ ਸਾਈਆਂ ਅੰਦਰ ਨੂੰ



Digitized by Panjab Digital Library | www.panjabdigilib.org

ਰਾਣੀ ਹੈ ਬੁਲੌਂਦੀ ਨਾਲੇ ਮੂਹੋਂ ਕਹੇ ਆਪਦੇ। ਪੂਰਨ ਜਵਾਬ ਦੇਵੇ ਗੋਲੀ ਤਾਈਂ ਬੇਲਾਸਿੰਘਾ ਮੰਦਰਾਂ ਦੇ ਵਿਚ ਨਾ ਫਕਾਰ ਅਸੀਂ ਥਾਪਦੇ॥੧੩੬॥ ਪੂਰਨ ਨੂੰ ਵੇਖਕੇ ਤੇ ਰਾਣੀ ਨੇ ਸੀ ਖੈਰ ਆਂਦਾ ਭਰਕੇ ਤਾਂ ਥਾਲ ਇਕ ਮੋਤੀਆਂ ਦਾ ਪਾਉਂਦੀ।ਮੋਤੀ ਤੇ ਜਵਾਹਰ ਹੀਰੇ ਪੱਲੇ ਬੰਨੇ ਪੂਰਨ ਨੇ ਫੇਰ ਰਾਣੀ ਪੂਰਨ ਨੂੰ ਅਰਜਾਂ ਸੁਣਾਉਂਦੀ। ਬੈਠੋ ਘੜੀ ਪਲ ਖਾਣਾ ਖਾਓ ਜੋ ਗਰੈਹ ਮੇਰੇ ਭੋਜਨ ਜੋ ਛੱਤੀ ਮੈਂ ਤਾਂ ਹੁਣੇ ਪਕਵਾਉਂਦੀ। ਚਲੋ ਮੈਹਲਾਂ ਉਪਰ ਮੌਜ ਮਾਣੋ ਤੁਸੀਂ ਬੇਲਾਸਿੰਘਾ ਫਰਸ਼ ਤੇ ਫਰੂਸ ਕੈਸੀ ਸੇਜ ਮੈਂ ਵਛਾਉਂਦੀ॥੧੩੭॥ ਪੂਰਨ ਲੈ ਭਿਛਿਆ ਸਮਝ ਗਿਆ ਗੱਲ ਸਾਰੀ ਮੋਤੀ ਤੇ ਜਵਾਹਰ ਪਾਸ ਗੁਰਾਂ ਦੇ ਲਿਜਾਂਵਦਾ। ਵੇਖਕੇ ਤਾਂ ਮੋਤੀਆਂ ਨੂੰ ਗੁਰੂ ਬਹੁਤ ਖਫਾ ਹੋਇਆ ਕਿਥੋਂ ਮੋਤੀ ਆਂਦੇ ਤੈਨੂੰ ਪੂਰਨਾ ਸੁਣਾਵੰਦਾ। ਆਖਦਾ ਹੈ ਪੂਰਨ ਜੋ ਖੈਰ ਇਹੋ ਸੁੰਦਰਾਂ ਦਾ ਗੁਰੂ ਕਹੇ ਮੋਤੀ ਬੱਚਾ ਪਿਛਾਂ ਪ੍ਰਤਾਵੰਦਾ। ਗੁਰੂ ਆਖੇ ਮੋਤੀ ਸਾਡੇ ਕੰਮ ਨਹੀ ਬੇਲਾਸਿੰਘਾ ਏਦੇ ਨਾਲੋਂ ਮਿਸਾ ਰੁੱਖਾ ਭੋਜਨ ਲਿਆਵੰਦਾ॥੧੩੮॥ ਆਖਦਾ ਹੈ ਗੁਰੂ ਹੀਰੇ ਮੋਤੀ ਸੋਹਣੇ ਰਾਜਿਆਂ ਦੇ ਫਕਰਾਂ ਦੇ ਕੰਮ ਨਾ ਕਦੰਤ ਏਹੋ ਆਵੰਦੇ। ਮੋੜਕੇ ਲਿਜਾਹਾ ਮੋੜੀ ਸੁੰਦਰਾਂਦੇ ਘਰ ਬੱਚਾ ਅਸੀਂ ਜੋਗਧਾਰੀ ਨਾ ਪ੍ਰੀਤ ਜੋਗੀਲਾਵੰਦੇ।ਮਿੱਸਾ ਰੁਖਾ ਅੰਨ ਖਾਧੇ ਖੁਧਿਆ ਜੇਦੂਰ ਹੁੰਦੀ ਮੋੜਕੇ ਲਿਜਾਹਐਸੇਵਖਤ ਤੁਧਸ਼ਾਮਦੇ।ਮੋਤੀ ਮੋੜ ਆਵੀਂ ਤੇ ਲਿਆਵੀਂ ਅੰਨ ਬੇਲਾਸਿੰਘਾ ਗੋਰਖ ਜੋ ਨਾਥ ਪੂਰਨ ਤਾਈਂ ਹੈ ਸੁਣਾਵੰਦੇ॥੧੩੯॥ ਅਗਲੇ ਸਵੇਰ ਮੋਤੀ ਮੋੜਨੇ ਨੂੰ ਗਿਆ ਛੇਤੀ ਸੁੰਦਰਾਂ ਜੋ ਰਾਣੀ ਰਾਹਾ ਪੂਰਨ ਦਾ ਵੇਖਦੀ। ਜਾਣੇ ਰਬ ਆਪ ਫੇਰ ਪੂਰਨ ਪਰਤ ਆਇਆ ਦਿਲ ਮੇਂ ਦਲੀਲਾਂ ਕਰੇ ਮੈਹਲਾਂ ਉਤੇ ਵੇਖਦੀ। ਪੂਰਨ ਨੇ ਝੱਟ ਤੂੰਬਾ ਮੋਤੀਆਂ ਦਾ ਉਲਟ

---

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

ਦਿਤਾ ਹੋ ਗਈ ਹਰਾਨ ਨਾਲੇ ਪੂਰਨ ਨੂੰ ਵੇਖਦੀ। ਆਖਦਾ ਹੈ ਪੂਰਨ ਸੰਭਾਲ ਮੋਤੀ ਬੇਲਾਸਿੰਘਾ ਗੁਰੂ ਮੈਨੂੰ ਖਫਾ ਹੁੰਦਾ ਵੇਖ ਮੋਤੀ ਬੇਸ਼ਦੀ॥੧੪੦॥ ਮੋਤੀਆਂ ਦਾ ਤੂੰਬਾ ਜਦੋਂ ਪੂਰਨ ਨੇ ਢੇਰੀ ਕੀਤਾ ਰਾਣੀ ਤਾਈਂ ਆਖਦਾ ਹੈ ਮੋਤੀ ਤੂੰ ਸੰਭਾਲ ਨੀ। ਗੁਰੂ ਮੇਰਾ ਮੋਤੀਆਂ ਦਾ ਗਾਹਕ ਨਹੀ ਰਾਣੀਏ ਨੀ ਮਿੱਸਾ ਰੁਖਾ ਅੰਨ ਪਾਣੀ ਝੋਲੀ ਵਿਚ ਡਾਲ ਨੀ। ਮੋਤੀ ਤੇ ਜਵਾਹਰ ਤੁਸਾਂ ਰਾਜਿਆਂ ਨੂੰ ਸੋਂਹਵਦੇਹੈਂ ਫਕਰਾਂ ਨੂੰ ਅੰਨ ਪਾਣੀ ਭੋਜਨ ਖੁਵਾਲ ਨੀ। ਭੋਜਨ ਤਿਆਰ ਛੱਤੀ ਕੀਤੇ ਰਾਣੀ ਬੇਲਾਸਿੰਘਾ ਟੇਕਣ ਜੋ ਮੱਥਾ ਚਲੀ ਪੂਰਨ ਦੇ ਨਾਲ ਨੀ॥੧੪੧॥ ਆਖਦੀ ਹੈ ਰਾਣੀ ਚੱਲਾਂ ਨਾਲ ਤੇਰੇ ਜੋਗੀਆ ਵੇ ਗੋਰਖ ਜੋ ਗੁਰੂ ਤਾਈਂ ਮੱਥਾ ਟੇਕਾਂ ਜਾਇਕੇ। ਭੋਜਨ ਤਿਆਰ ਕੀਤੇ ਛੱਤੀ ਪ੍ਰਕਾਰ ਰਾਣੀ ਗੋਲੀਆਂ ਦੇ ਸਿਰ ਚੱਲੀ ਭੋਜਨ ਚੁਕਾਇਕੇ। ਸੁਦਰਾਂ ਨੂੰ ਪੂਰਨ ਲੈ ਚਲਿਆ ਹੈ ਟਿੱਲੇ ਵਲ ਸੁੰਦਰਾਂ ਨੂੰ ਹੁਸਨ ਵਾਲੀ ਉਂਗਲੀ ਲਗਾਇਕੇ। ਟੇਕਦੀ ਹੈ ਮੱਥਾ ਜਾਕੇ ਗੋਰਖ ਨੂੰ ਬੇਲਾਸਿੰਘਾ ਭੇਟ ਪੂਜਾ ਭੋਜਨ ਜੋ ਅਗੇ ਹੈ ਰਖਾਇਕੇ॥੧੪੨॥ ਜਿਸਵੇਲੇ ਸੁੰਦਰਾਂ ਸੀ ਟਿੱਲੇ ਪਹੁੰਚੀ ਜਾਇਕੇ ਤੇ ਵੇਖਕੇ ਸਰੂਪ ਜੋਗੀ ਡਿਗੇ ਗਸ਼ ਖਾਇਕੇ। ਗੋਰਖ ਤੇ ਪੂਰਨ ਜੋ ਸਾਬਤ ਅਡੋਲ ਰਹੇ ਹੋਰ ਸਾਰਾ ਡੋਲਿਆ ਹੈ ਡੇਰਾ ਗਸ਼ ਖਾਇਕੇ। ਮੰਗਲਾ ਮੁਰਾਦ ਗੁਰੂ ਆਖਦਾ ਹੈ ਰਾਣੀ ਤਾਈਂ ਐਸ ਵੇਲੇ ਤੁਠਾ ਗੁਰੂ ਮਨ ਚਿਤ ਲਾਇਕੇ। ਆਖਦੀ ਹੈ ਸੁੰਦਰਾਂ ਜੋ ਹਥ ਜੋੜ ਬੇਲਾ ਸਿੰਘਾ ਤੁਠਾ ਹੈਂ ਬਖਸ਼ ਤਿੰਨਾਂ ਬਚਨਾਂ ਨੂੰ ਪਾਇਕੇ॥੧੪੩॥ ਬਚਨ ਜਾਂ ਤਿੰਨ ਗੁਰੂ ਗੋਰਖ ਨੇ ਮੂੰਹੋਂ ਕਹੇ ਜੇੜੀ ਗਲ ਕਹੇਂ ਮੈਂ ਤਾਂ ਮੁਖ ਨਾ ਭੁਵਾ ਵਸਾਂ। ਮੰਗਲਾ ਜੋ ਮੂੰਹੋਂ ਜੇਹੜੀ ਸੋਹਣੀ ਚੀਜ ਦਿਸਦੀ ਹੈ ਸਾਰਾ ਟਿਲਾ ਐਸ ਵੇਲੇ ਤੁਧ ਨੂੰ ਵਿਖਾਵਸਾਂ। ਦਿਲ ਮੇਂ ਖੁਸ਼ਾਲੀ



Digitized by Panjab Digital Library | www.panjabdigilib.org

ਗੁਰੂ ਗੋਰਖ ਦੀ ਵੇਖੀ ਰਾਣੀ ਮੂਹੋਂ ਰਾਣੀ ਕਹੇ ਜੋ ਸੁਆਲ ਹੁਣ ਪਾਵਸਾਂ। ਹਥ ਜੋੜ ਆਖਦੀ ਹੈ ਗੁਰੂ ਤਾਈਂ ਬੇਲਾਸਿੰਘਾ ਤੁਠਾ ਹੈਂ ਬਖਸ਼ ਨਾਲ ਪੂਰਨ ਲੇ ਜਾਵਸਾਂ॥੧੪੪॥ ਮੰਗ ਲਿਆ ਪੂਰਨ ਜਾਂ ਗੁਰੂ ਪਾਸੋਂ ਸੁੰਦਰਾਂ ਨੇ ਓਸ ਵੇਲੇ ਗੋਰਖ ਜੋ ਸੋਚਾਂ ਵਿਚ ਆਵੰਦਾ। ਜੇ ਨਾ ਭੇਜਾਂ ਰਾਣੀ ਨਾਲ ਬਚਨ ਤੋਂ ਹਾਰਦਾ ਹਾਂ ਸਦਕੇ ਤੇ ਪੂਰਨ ਨੂੰ ਗੋਰਖ ਸੁਣਾਵੰਦਾ। ਪੂਰਨ ਨੂੰ ਕਹੇ ਗੁਰੂ ਬਚਨ ਮੇਰਾ ਮਾਨ ਬੱਚਾ ਰਖ ਤੂੰ ਭਰੋਸਾ ਗੁਰੂ ਗੋਰਖ ਹੈ ਗਾਵੰਦਾ। ਆਗਿਆ ਜੋ ਗੁਰੂ ਦਿਤੀ ਪੂਰਨ ਨੂੰ ਬੇਲਾਸਿੰਘਾ ਓਸ ਵੇਲੇ ਸੁੰਦਰਾਂ ਦੇ ਨਾਲ ਹੈ ਤਰਾਵੰਦਾ॥੧੪੫॥ ਸੁੰਦਰਾਂ ਜੋ ਰਾਣੀ ਤੁਰੀ ਪੂਰਨ ਨੂੰ ਸਾਥ ਲੈਕੇ ਦਿਲ ਮੇਂ ਖੁਸ਼ਾਲੀ ਬਹੁਤ ਖੁਸ਼ੀ ਮਨ ਭਾਵੰਦੀ। ਮਥਾ ਟੇਕੇ ਗੋਰਖ ਨੂੰ ਪੈਰੀਂ ਹੱਥ ਲਾਇਕੇ ਤੇ ਬਚਨ ਤੁਹਾਡੇ ਨਾਲ ਪੂਰਨ ਲਿਜਾਵੰਦੀ। ਪੂਰਨ ਨੇ ਕੀਤਾ ਪ੍ਰਣਾਮ ਗੁਰੂ ਨਾਥ ਤਾਈਂ ਹਥ ਬੰਨ ਬੇਨਤੀ ਜੋ ਕਰੇ ਓਦੇ ਨਾਮ ਦੀ। ਬਚਨ ਤੁਹਾਡਾ ਨਹੀਂ ਮੋੜ ਹੁੰਦਾ ਬੇਲਾਸਿੰਘਾ ਢੱਕ ਜੋ ਬਣਾਕੇ ਮੈਨੂੰ ਰਾਣੀ ਹੈ ਲਜਾਵੰਦੀ॥੧੪੬॥ ਓਸ ਵੇਲੇ ਸੁੰਦਰਾਂ ਜੋ ਸਾਥ ਲੈਕੇ ਪੂਰਨ ਨੂੰ ਬੜੀ ਖੁਸ਼ੀ ਨਾਲ ਸ਼ੈਹਰ ਆਪਣੇ ਨੂੰ ਜਾਵੰਦੀ। ਜਾਇਕੇ ਮੈਹਲੀਂ ਵਿਚ ਪਲੰਘ ਵਛਾਇਆ ਰਾਣੀ ਆਜਜ਼ੀ ਦੇ ਨਾਲ ਉਤੇ ਪੂਰਨ ਬਠਾਵੰਦੀ। ਬੈਠਕੇ ਪਲੰਘ ਉਤੇ ਪੂਰਨ ਵਿਚਾਰਦਾ ਹੈ ਕਿਸ ਢੰਗ ਨਾਲ ਰਾਣੀ ਫਾਹੀ ਮੇਂ ਫਸਾਵੰਦੀ। ਇਸ ਫਾਹੀ ਵਿਚੋਂ ਰੱਬ ਕਢ ਦੇਵੇ ਬੇਲਾਸਿੰਘਾ ਹਥ ਜੋੜ ਪੂਰਨ ਦੁਹਾਈ ਦੇਵੇ ਨਾਮਦੀ॥੧੪੭॥ ਹੋਈ ਜਦੋਂ ਸ਼ਾਮ ਤੇ ਦਲੀਲ ਕੀਤੀ ਪੂਰਨ ਨੇ ਕਿਸੇ ਤ੍ਰਾਂ ਨਠ ਜਾਨ ਆਪਣੀ ਬਚਾਈਏ। ਰਾਹਾਂ ਜੇ ਮੈਂ ਏਥੇ ਦਾਗ਼ ਲਗਾਦਾ ਹੈ ਜੋਗ ਤਾਈਂ ਨਾਮ ਪ੍ਰਮਾਤਮਾ ਦਾ ਦਿਲ ਤੋਂ ਭੁਲਾਈਏ। ਗੁਰਾਂ ਦਾ ਬਚਨ ਮੈਨੂੰ

---

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

ਮੋੜਨਾ ਜਰੂਰ ਬਨੂ ਗੋਰਖ ਜੋ ਨਾਥ ਤਾਈਂ ਸੀਸ ਚਾ ਨਵਾਈਏ। ਬਖਸ਼ ਦਿਓ ਭੁੱਲ ਮੇਰੀ ਗੁਰੂ ਮੇਰੀ ਬੇਲਾਸਿੰਘਾ ਨਹੀ ਗਲ ਫਾਸੀ ਜੋ ਗ੍ਰਿਸਤ ਵਾਲੀ ਪਾਈਏ॥੧੪੮॥ ਸ਼ਾਮ ਦੇ ਵਕਤ ਕਹੇ ਪੂਰਨ ਜੋ ਸੁੰਦਰਾਂ ਨੂੰ ਕਰਦਾ ਹੈ ਚਿਤ ਰਾਣੀ ਜੰਗਲ ਜੋ ਜਾਣ ਨੂੰ। ਹੋਇਕੇ ਜੰਗਲ ਛੇਤੀ ਪਿਛਾਂ ਮੈ ਪਰਤ ਆਵਾਂ ਹੋਰ ਕੋਈ ਚਿਤ ਨਾ ਭਰਮ ਕਿਤੇ ਜਾਣ ਨੂੰ। ਤੇਰੇ ਨਾਲ ਆਇਆ ਮੈਂ ਗੁਰਾਂ ਦੇ ਜੋ ਹੁਕਮ ਨਾਲ ਹੋਰ ਮੇਰਾ ਚਿਤ ਨਾ ਕਰੇਂਦਾ ਕਿਤੇ ਜਾਣ ਨੂੰ। ਗੁਰਾਂ ਦਾ ਹੁਕਮ ਨਹੀਂ ਮੋੜ ਹੁੰਦਾ ਬੇਲਾਸਿੰਘਾ ਪੂਰਨ ਜੋ ਕਹੇ ਦਿਲ ਰਾਣੀ ਦਾ ਜਮਾਣ ਨੂੰ॥੧੪੯॥ ਆਖਦੀ ਹੈ ਰਾਣੀ ਦੋਹਾਂ ਨੌਕਰਾਂ ਨੂੰ ਸਦਕੇ ਤੇ ਪੂਰਨ ਦੇ ਨਾਲ ਜਾਓ ਜੰਗਲ ਨੂੰ ਜਾਵੰਦਾ। ਰਖਣੀ ਖਬਰਦਾਰੀ ਤਾਹੀਂ ਤੁਝੇ ਭੇਜਦੀ ਹੈ ਮਤ ਕਿਤੇ ਟਿੱਲੇ ਵਲ ਫੇਰ ਚਲਾ ਜਾਵੰਦਾ। ਮਸਾਂ ਮਸਾਂ ਆਂਦਾ ਗੁਰੂ ਗੋਰਖ ਤੋਂ ਮੰਗਕੇ ਤਾਂ ਨਹੀ ਕਾਬੂ ਪੂਰਨ ਅਸਾਡੇ ਕਦੋਂ ਆਵੰਦਾ। ਰਖਣੀ ਖਬਰਦਾਰੀ ਪੂਰਨ ਦੀ ਬੇਲਾਸਿੰਘਾ ਮਤ ਕੋਈ ਚੰਭਾ ਜੋ ਤੁਸਾਥੋਂ ਚਲਾ ਜਾਵੰਦਾ॥੧੫੦॥ ਪੂਰਨ ਦੇ ਨਾਲ ਦੋਹਾਂ ਨੌਕਰਾਂ ਨੂੰ ਭੇਜ ਦਿਤਾ ਨਿਕਲੇ ਦੁਰੇਡੇ ਸ਼ੈਹਰੋਂ ਬਾਹਰ ਜਰਾ ਆਇਕੇ। ਬੈਠ ਜਾਣ ਨੌਕਰ ਪਿਛਾਹਾਂ ਜਰਾ ਹਟਕੇ ਤੇ ਫਿਰਦਾ ਸੁਚੇਤੇ ਜਰਾ ਪੂਰਨ ਰਾਹਾਂ ਆਇਕੇ। ਕਰ ਲਿਆ ਝਬ ਫੇਰ ਪੂਰਨ ਨੇ ਨਠਣੇ ਦਾ ਵਗਾ ਵਗ ਗੋਰਖ ਨੂੰ ਮਥਾ ਟੇਕੇ ਆਇਕੇ। ਨੌਕਰ ਪਿਛਾਹਾਂ ਫੇਰ ਮੁੜ ਆਏ ਬੇਲਾਸਿੰਘਾ ਪੂਰਨ ਦਾ ਹਾਲ ਦੱਸਣ ਸੁੰਦਰਾਂ ਨੂੰ ਆਇਕੇ॥੧੫੧॥ ਸੁੰਦਰਾਂ ਜੋ ਰਾਣੀ ਏਨੀ ਗੱਲ ਸੁਣ ਗਮ ਖਾਧਾ ਮਸਾਂ ਮਸਾਂ ਪੂਰਨ ਲਿਆਂਦਾ ਬਖਸ਼ਾਇਕੇ। ਰੱਜਕੇ ਨਾ ਬੈਠ ਘੜੀ ਗਲਾਂ ਨਾਲ ਕੀਤੀਆਂ ਨਾ ਨੱਠ ਗਿਆ ਸਾਥੋਂ ਹੁਣ ਪੱਲਾ ਛੁਟਕਾਇਕੇ। ਇਕ ਵਾਰੀ ਪੂਰਨਾ



Digitized by Panjab Digital Library | www.panjabdigilib.org

ਦੀਦਾਰ ਮੈਨੂੰ ਆਣ ਦੇਈਂ ਵਾਸਤੇ ਜੋ ਰੱਬਦੇ ਕੂਕੇਂਦੀ ਤੈਨੂੰ ਪਾਇਕੇ। ਪੂਜਕੇ ਧ੍ਰੋਹ ਕੀਤਾ ਮੇਰੇ ਨਾਲ ਬੇਲਾਸਿੰਘਾ ਆਖਦੀ ਹੈ ਰਾਣੀ ਜੋ ਵਿਰਾਗ ਦਿਲੋਂ ਲਾਇਕੇ॥੧੫੨॥ ਸੁੰਦਰਾਂ ਜੋ ਰਾਣੀ ਦਿਲ ਆਪਣੇ ਮੇਂ ਰੋਵੰਦੀ ਹੈ ਭਰਕੇ ਤਾਂ ਗਾਵੇਂ ਦਿਲੋਂ ਗਮਾਂ ਵਾਲੇ ਗੀਤ ਜੋ। ਭੁਲ ਗਈ ਜਹਾਨ ਵਿਚ ਜੋਗੀ ਨਾਲ ਪ੍ਰੀਤ ਲਾਕੇ ਤੁਸੀਂ ਨਹੀਂ ਭੁਲੋ ਲੋਕੋ ਜੋਗੀ ਨਹੀ ਮੀਤ ਜੋ। ਜੋਗੀ ਨੂੰ ਗਏ ਫੇਰ ਪਿਛਾਂ ਨਾ ਪਰਤ ਆਏ ਅਜ ਮੈਨੂੰ ਪੂਰਨਾ ਲਗਾਈ ਭਾਰੀ ਲੀਕ ਜੋ। ਛੱਡਕੇ ਅਕੇਲੀ ਸੱਸੀ ਵਾਂਗ ਮੈਨੂੰ ਬੇਲਾਸਿੰਘਾ ਆਪ ਗਿਆ ਨੱਠ ਤੇਰੇ ਮਨ ਬਦਨੀਤ ਜੋ ॥ ੧੫੩ ॥ ਮੈਹਲਾਂ ਉਤੇ ਚੜ੍ਹ ਰਾਣੀ ਰੋਂਵਦੀ ਹੈ ਜ਼ਾਰ ਜ਼ਾਰ ਪੂਰਨ ਦੇ ਰਾਹਾ ਨੂੰ ਧਿਆਨ ਆਨ ਕਰਦੀ। ਆਵੇ ਨ ਨਜਰ ਕਿਤੇ ਪੂਰਨ ਜੋ ਸੁੰਦਰਾਂ ਨੂੰ ਮਾਰਕੇ ਤਾਂ ਛਾਲ ਰਾਣੀ ਮੈਹਲ ਉਤੋਂ ਮਰਦੀ। ਮੈਹਲ ਉਤੋਂ ਡਿੱਗੀ ਹਡ ਚੂਰ ਹੋਏ ਸੁੰਦਰਾਂ ਦੇ ਜਾਨ ਹੈ ਗਵਾਈ ਰਾਣੀ ਆਪ ਅਲਗਰਜੀ। ਪਿੱਟਦੀਆਂ ਗੋਲੀਆਂ ਤੇ ਦਾਈਆਂ ਓਨੂੰ ਬੇਲਾ ਸਿੰਘਾ ਸ਼ੈਹਰ ਹੜਤਾਲ ਹੋਈ ਜਦੋਂ ਰਾਣੀ ਮਰਦੀ॥ ੧੫੪ ॥ ਕੀਤਾ ਸਸਕਾਰ ਤਦੋਂ ਗੋਲੀਆਂ ਨੇ ਸੁੰਦਰਾਂ ਦਾ ਲੋਕ ਕੈਹਣ ਪੂਰਨ ਦੇ ਮਾਰ ਲਈ ਵਿਜੋਗ ਨੇ। ਰੈਂਹਦਾ ਏਥੇ ਪੂਰਨ ਜੇ ਕੋਈ ਰੋਜ ਰਾਣੀ ਪਾਸ ਕੀਤਾਹੈ ਵਿਛੋੜਾ ਅਜ ਦੋਹਾਂ ਦੇ ਸੰਜੋਗ ਨੇ। ਪੂਰਨ ਜੋ ਨੱਸਕੇ ਤੇ ਟਿੱਲੇ ਗਿਆ ਗੁਰੂ ਪਾਸ ਤੋੜਨਾ ਸੀ ਜਤ ਸਤ ਸੁੰਦਰਾਂ ਦੇ ਭੋਗ ਨੇ। ਜਤ ਸਤ ਰਖਿਆ ਸਬੂਤ ਓਨ ਬੇਲਾ ਸਿੰਘਾ ਤਾਰਦਿਤਾ ਪੂਰਨ ਨੂੰ ਗੋਰਖਦੇ ਜੋਗ ਨੇ ॥ ੧੫੫ ॥ ਟਿਲੇ ਜਾਕੇ ਪੂਰਨ ਅਦੇਸ ਕਹੇ ਜੋਗੀਆਂ ਨੂੰ ਗੋਰਖ ਜੋ ਗੁਰੂ ਦੇ ਸੀ ਪੈਰੀ ਹਥ ਲਾਂਵਦਾ। ਗੋਰਖ ਜੋ ਆਖੇ ਮੇਰਾ ਬਚਨ ਅਦੂਲ ਕੀਤਾ ਕੀਤਾ ਹੈ ਕੈਹਰ ਬੱਚਾ ਰਾਣੀ ਨੂੰ ਮਰਾਂਵਦਾ

ਹਰ ਪ੍ਰਕਾਰ ਦੀਆਂ ਪੁਸਤਕਾਂ ਕਿੱਸੇ ਕਹਾਨੀਆਂ ਮੰਗੌਣ ਦਾ ਪਤਾ—
Digitized by Panjab Digital Library | www.panjabdigilib.org

। ਤੇਰੇ ਪਿਛੋਂ ਰਾਣੀ ਡਿਗ ਮਰ ਗਈ ਮਹਲਾਂ ਉਤੋਂ ਛਡਕੇ ਅਕੇਲੀ ਨੂੰ ਤੂੰ ਟਿਲੇ ਕਾਨੂ ਆਂਵਦਾ। ਢਾੜਿਆ ਗੁਨਾਹਾ ਪਾਪ ਸਾਡੇ ਸਿਰ ਬੇਲਾ ਸਿੰਘਾ ਮਿਲੇ ਨਾ ਵਕਤ ਜਦੋਂ ਰਾਣੀ ਨਾਲ ਜਾਂਵਦਾ॥੧੫੬॥ ਹਥ ਜੋੜ ਪੂਰਨ ਸੁਣਾਂਵਦਾਹੈ ਗੁਰੂ ਤਾਈਂ ਮੇਰਾ ਦਿਲ ਚਾਂਹਵਦਾ ਨਾ ਰੰਨਾਂ ਪਾਸ। ਜਾਸ ਜਾਣ ਨੂੰ। ਹੁੰਦੀਲੋੜ ਰੰਨਾਂ ਦੀ ਤਾਂ ਕਾਸਨੂੰ ਮੈਂ ਜੋਗ ਲੈਂਦਾ ਗੇਰੀਦਾਰ ਕਪੜੇ ਕਿਊਂ ਲੈਂਦਾ ਮੈਂ ਹੰਡਾਣ ਨੂੰ। ਅਗੇ ਕੈਸਾ ਸੁਖ ਮੈਂ ਤਾਂ ਪਾਇਆ ਇਨ੍ਹਾਂ ਨਾਰੀਆਂ ਤੋਂ ਕੀਤਾ ਨਾ ਫਰਕ ਮੇਰੀ ਜਾਨ ਮਰਵਾਣ ਨੂੰ। ਡੰਗਿਆ ਮਨੁਖ ਕਦੇ ਸਰਪ ਦਾ ਜੋ ਬੇਲਾ ਸਿੰਘਾ ਰਖੇ ਨ ਕਦਮ ਹਨੇਰੇ ਰੱਸੀ ਪੁਰ ਲਾਣ ਨੂੰ ॥ ੧੫੭ ॥ ਪੂਰਨ ਅਧੀਨ ਹੋਕੇ ਆਖ ਦਾ ਹੈ ਗੁਰੂ ਤਾਈਂ ਨਿਕਲੇ ਜੇ ਪੰਛੀ ਤਾਂ ਅਜਾਲ ਵਿਚੋਂ ਪਾਪ ਨਾ। ਚਲਦੀ ਜੇ ਗੋਲੀ ਵਿਚੋਂ ਜਾਨ ਬਚ ਆਵੇ ਜਿਦੀ ਰਖਦਾ ਹੈ ਰਬ ਓਨੂੰ ਹਥ ਪਾਕੇ ਆਪਨਾ। ਰਾਣੀ ਨੇ ਜੋ ਗੁਰੂ ਮੇਰਾ ਜਤ ਸਤ ਤੋੜਨਾ ਸੀ ਰਖਿਆ ਸਬੂਤ ਮੈਨੂੰ ਜੋਗ ਵਾਲੀ ਥਾਪਨਾ। ਏਸ ਜੋ ਕਸੂਰਦਾਨ ਪਾਪ ਮੈਨੂੰ ਬੇਲਾ ਸਿੰਘਾ ਗੁਰੂ ਜੀ ਲਗਾਓ ਸਗੋਂ ਤਨ ਮਨ ਥਾਪਨਾ॥੧੫੮॥ ਆਖਦਾ ਹੈ ਗੁਰੂ ਬੱਚਾ ਪੂਰਨਾ ਧਿਆਨ ਕਰ ਕੰਨ ਦੇਕੇ ਸੁਣੀ ਤੈਨੂੰ ਸੁਖਨ ਸੁਣਾਉਂਦਾ। ਔਂਛਾਕੀਤਾ ਬਚ ਰਿਹਾ ਨਾਰੀਆਂ ਦੇ ਸੰਗ ਕੋਲੋਂ ਫਿਰ ਤੂੰ ਅਟੱਲ ਤੇ ਗੋਬਿੰਦ ਗੀਤ ਗਾਉਂਦਾ। ਕਰ ਜਾਕੇ ਤੀਰਥ ਪਰਾਗਰਾਜ ਆਦਿ ਸਾਰੇ ਫੇਰ ਸੈਲ ਕਰੀਂ ਜਾਕੇ ਆਪਨੇ ਗਰਾਉਂ ਦਾ।ਮਾਈ ਬਾਪ ਤਾਈਂ ਜਾਕੇਫੇਰ ਮਿਲੀਂ ਬੇਲਾਸਿੰਘਾ ਮਤਕੋਈ ਭੇਖ ਤਾਈਂ ਦਾਗ ਹੈ ਲਗਾਉਂਦਾ ॥ ੧੫੯ ॥ ਹਥ ਜੋੜ ਪੂਰਨ ਜੋ ਆਖਦਾ ਹੈ ਗੁਰੂ ਤਾਈਂ ਆਗਿਆ ਤੁਸਾਡੀ ਨਾਲ ਤੀਰਥਾਂ ਨੂੰ ਜਾਂਵਦਾ। ਸਿਖਿਆ ਜੋ ਦੇਵੇ ਗੁਰੂ ਪੂਰਨ ਜੋ ਨਾਥ ਤਾਈਂ ਮਾਈ ਭੈਣ ਕੈਹਣਾ ਜਿਥੇ



Digitized by Panjab Digital Library | www.panjabdigilib.org

ਅਲਖ ਜਗਾਂਵਦਾ । ਫਿਰਨਾ ਮੁਲਕ ਵਿਚ ਰੈਹਣਾ ਹੁਸ਼ਿਆਰ ਹੋਕੇ ਸਿਖਿਆ ਅਸਾਡੀ ਤਾਈਂ ਮਤ ਤੂੰ ਭੁਲਾਂਵਦਾ। ਸਾਸ ਸਾਸ ਰਬ ਨੂੰ ਚਿਤਾਰਨਾ ਹੈ ਬੇਲਾ ਸਿੰਘਾ ਬਹੁਤ ਮੱਤਾਂ ਤੇਰੇ ਤਾਈਂ ਗੁਰੂ ਹੈ ਸੁਣਾਂਵਦਾ॥ ੧੬੦ ॥ ਗੰਗਾ ਤੇ ਪਰਾਗ ਨੂੰ ਜੋ ਪੂਰਨ ਚੜ੍ਹਾਈ ਕੀਤੀ ਮਥਰਾ ਅਜੁਧਿਆ ਨੂੰ ਜਾਂਦਾਨਾਲ ਜੋਰ ਦੇ । ਅਮਰਨਾਥ ਵੇਖ ਤੇ ਜਵਾਲਾਮੁਖੀ ਆਣ ਬੈਠਾ ਰਾਮਨਾਥ ਜਗਨ ਨਾਥ ਗਿਆ ਵਾਂਗ ਮੋਰ ਦੇ। ਕਾਂਸ਼ੀ ਕਸ਼ਮੀਰ ਹਿੰਗਲਾਜ ਸਾਰੇ ਸੈਲ ਕੀਏ ਆਣ ਕੁਰਖ਼ੇਤਰ ਪਹੋਏ ਪਹੁੰਚਾ ਜੋਰ ਦੇ। ਬਾਰਾਂ ਸਾਲ ਬੀਤੇ ਸੈਲ ਕਰਦੇ ਨੂੰ ਬੇਲਾ ਸਿੰਘਾ ਫੇਰ ਜੋ ਸਿਆਲਕੋਟ ਪਹੁੰਚਾ ਨਾਲ ਜੋਰ ਦੇ ॥ ੧੬੧ ॥ ਆਣਕੇ ਸਿਆਲਕੋਟ ਡੇਰਾ ਲਾਇਆ ਬਾਗ ਵਿਚ ਭੋਜਨ ਤੇ ਦੁਧ ਜੋ ਲਿਔਣ ਲੋਕ ਸਾਧ ਨੂੰ ॥ ਲੋਕਾਂ ਨੇ ਧੁਮਾਈ ਧੁੰਮ ਦਾਰੂ ਦਿੰਦਾ ਅੱਖੀਆਂ ਦਾ ਆਪਣਾ ਜੋ ਭੇਦ ਹੈ ਛਪੌਂਦਾ ਲੋਕ ਲਾਜ ਨੂੰ । ਸੁਕਾ ਬਾਗ ਹਰਾ ਸਾਰਾ ਹੋਵੇ ਕਰਾਮਾਤ ਨਾਲ ਰੰਗ ਰੰਗ ਫਲ ਫੂਲ ਲਗਦੇ ਹੈਂ ਬਾਗ ਨੂੰ । ਹੋਈ ਜਾਂ ਖਬਰ ਸਲਵਾਨ ਰਾਜੇ ਬੇਲਾਸਿੰਘਾ ਲੂਣਾ ਸਾਥ ਲੈਕੇ ਮਥਾ ਟੇਕਦਾ ਹੈ ਸਾਧ ਨੂੰ॥ ੧੬੨ ॥ ਰਾਜਾ ਕਹੇ ਜੋਗੀਆ ਕੀ ਨਾਮ ਪ੍ਰਸਿੱਧ ਤੇਰਾ ਕੇਹੜੇ ਦੇਸੋਂ ਆਇਆ ਤੇ ਵਤਨ ਕੇੜ੍ਹੇ ਵਸਦਾ। ਕਿਧਰੋਂ ਤੂੰ ਆਇਆ ਅਗੇ ਕਿਤਵਲ ਜਾਵਣਾ ਹੈ ਕੈਸੇ ਕੰਮ ਤੇ ਤੇ ਜੋ ਕਮਰ ਤੂੰ ਕਸਦਾ। ਤਾਰਿਆ ਜਗਤ ਸਾਰਾ ਜੋਗੀਆਂ ਤੇ ਫਕਰਾਂ ਨੇ ਸਾਧੂ ਹੈ ਫ਼ਿਰੰਮ ਤੇ ਜਹਾਨ ਸਾਰਾ ਵਸਦਾ। ਪੂਰਨ ਸੁਣਾਵੇ ਗਲਾਂ ਰਾਜੇ ਤਾਈਂ ਬੇਲਾਸਿੰਘਾ ਆਪਣੇ ਹੈ ਦਿਲ ਵਿਚ ਆਪੇ ਆਪ ਹਸਦਾ॥ ੧੬੩॥ ਨਾਮ ਮੇਰਾ ਪੂਰਨ ਅਤੇ ਜੋਗੀ ਸਾਡੀ ਜਾਤ ਰਾਜਾ ਰਬ ਦੇ ਜੋ ਦੇਸ ਵਿਚ ਫਿਰਾਂ ਸੁਭਾ ਸ਼ਾਮ ਜੀ। ਚਲਕੇ ਮੈਂ ਪੂਰਬੋਂ ਪੰਜਾਬ ਮੁਲਖ ਵੇਖਿਆ ਹੈ ਕਸਦਾ ਕਮਰ



Digitized by Panjab Digital Library | www.panjabdigilib.org

ਪ੍ਰਮਾਤਮਾ ਦੇ ਨਾਮ ਜੀ। ਹੁਕਮ ਮੇਰੈ ਗੁਰੂ ਦਾ ਢੰਡੋਰਾ ਦੇਵਾਂ ਰਬ ਵਾਲਾ ਨਾਮ ਪ੍ਰਮਾਤਮਾ ਦਾ ਜਪਾਂ ਸੁਭਾ ਸ਼ਾਮ ਜੀ। ਮੱਲਾਂ ਮਲ ਬੈਠੇ ਲੋਕ ਜਗ ਵਿਚ ਬੇਲਾਸਿੰਘਾ ਮੌਤ ਦਾ ਖਿਆਲ ਨਾ ਜਪਣ ਮੁਖੋਂ ਰਾਮ ਜੀ॥੧੬੪॥ ਹਥ ਜੋੜ ਬੇਨਤੀ ਕਰੇਂਦਾ ਰਾਜਾ ਨਾਥ ਅਗੈ ਤੇਰਾ ਜੱਸ ਸੁਣਕੇ ਮੈਂ ਚਲਿ ਆਇਆ ਨਾਥ ਜੀ। ਬਖਸ਼ੋ ਗੁਨਾਹਾ ਤਕਸੀਰ ਮੇਰੀ ਮਾਫ ਕਰੋ ਰੇਖ ਵਿਚ ਮੇਖ ਤੁਸੀਂ ਮਾਰੋ ਮੇਰੇ ਨਾਥ ਜੀ। ਫਕਰ ਜਹਾਨ ਵਿਚ ਤਾਰ ਦਿੰਦੇ ਪਾਪੀਆਂ ਨੂੰ ਅਸੀਂ ਪਾਪੀ ਬੰਦੇ ਸਦਾ ਗੁਨਾਹਗਾਰ ਨਾਥ ਜੀ। ਪੁਤ੍ਰ ਅਸਾਡੇ ਘਰ ਨਹੀਂ ਕੋਈ ਬੇਲਾਸਿੰਘਾ ਰਾਣੀ ਦੇ ਸਮੇਤ ਘਰੋਂ ਚਲ ਆਇਆ ਨਾਥ ਜੀ॥੧੬੫॥ ਏਤਨੇ ਨੂੰ ਸੁਣ ਰਾਣੀ ਆਏ ਜਾਂਦੀ ਇੱਛਰਾਂ ਵੀ ਅੱਖੀਆਂ ਦਾ ਦਾਰੂ ਮੈਨੂੰ ਦੇਵਣਾ ਜਰੂਰ ਜੀ। ਇਕੋ ਪੁਤ ਜੰਮਿਆ ਸੀ ਘਰ ਸਾਰੀ ਵਸਥਾ ਮੈਂ ਸੌਕਣ ਜੋ ਮੇਰੀ ਮਰਵਾਇ ਦਿਤਾ ਨੂਰ ਜੀ। ਰੋਂਦੀ ਦੀਆਂ ਅਖੀਆਂ ਖਰਾਬ ਹੋਈਆਂ ਸੁਣੀ ਨਾਥਾ ਸੁਣਕੇ ਸਿਫਤ ਤੇਰੀ ਆਈ ਹਾਂ ਜਰੂਰ ਜੀ। ਪੂਰਨ ਸੁਣਾਵੇ ਮਾਤਾ ਤਾਈਂ ਹੁਣ ਬੇਲਾਸਿੰਘਾ ਬੈਠ ਘੜੀ ਪਲ ਦਾਰੂ ਦੇਊਂਗਾ ਜਰੂਰ ਜੀ॥੧੬੬॥ ਆਖਦਾ ਹੈ ਨਾਥ ਜੋਗੀ ਓਸ ਵੇਲੇ ਰਾਜੇ ਤਾਈਂ ਇਲਮ ਅਸਾਡੇ ਵਿਚ ਏਹੋ ਨਜਰ ਆਂਵਦਾ। ਅਗੇ ਇਕ ਪੁਤ੍ਰ ਤੁਸਾਡੇ ਘਰ ਜੰਮਿਆ ਸੀ ਓਸਦੀ ਜੋ ਵਾਰਦਾਤ ਨਹੀਂ ਤੂੰ ਸੁਣਾਂਵਦਾ। ਕਿਥੇ ਓਹੋ ਗਿਆ ਕੇਹੜਾ ਓਸ ਤੋਂ ਕਸੂਰ ਹੋਇਆ ਸਚੋ ਸਚ ਵਾਲੀ ਬਾਤ ਸਾਨੂੰ ਤੂੰ ਸੁਣਾਂਵਦਾ। ਜੋਗੀਆਂ ਦੇ ਪਾਸ ਝੂਠ ਬੋਲਣਾ ਨਾ ਬੇਲਾਸਿੰਘਾ ਪੂਰਨ ਜੋ ਨਾਥ ਰਾਜੇ ਤਾਈਂ ਹੈ ਸੁਣਾਂਵਦਾ॥੧੬੭॥ ਹੋਇਕੇ ਅਧੀਨ ਰਾਜਾ ਆਖਦਾ ਹੈ ਨਾਥ ਅਗੇ ਪੁਤ੍ਰ ਅਸਾਡੇ ਘਰ ਹੋਇਆ ਸੀ ਜਰੂਰ ਜੀ। ਬਾਰਾਂ ਸਾਲ ਓਸਨੂੰ ਮੈਂ ਪਾਲਿਆ ਸੀ ਭੋਰੇ ਵਿਚ



Digitized by Panjab Digital Library | www.panjabdigilib.org

ਬਾਹਰ ਜਦੋਂ ਆਇਆ ਓਥੋਂ ਹੋ ਗਿਆ ਕਸੂਰ ਜੀ। ਮਾਤਾ ਜੋ ਮਤੇਈ ਵੇਖ ਹੋਗਿਆ ਬੇ ਧਰਮ ਓਹੋ ਦਿਤਾ ਮਰਵਾਏ ਓਨੂੰ ਏਸੇ ਮੈਂ ਕਸੂਰ ਜੀ। ਪੁਤ੍ਰ ਤੁਸਾਡਾ ਦਿਲੋਂ ਸਾਫ ਰਿਹਾ ਬੇਲਾਸਿੰਘਾ ਔਰਤ ਜੋ ਤੇਰੀ ਵਿਚ ਰਾਜਾ ਹੈ ਕਸੂਰ ਜੀ॥੧੬੮॥ ਆਖਦਾ ਹੈ ਪੂਰਨ ਜੋ ਓਸ ਵੇਲੇ ਲੂਣਾ ਤਾਈਂ ਸੱਚ ਵਾਲਾ ਮੇਰੇ ਅਗੇ ਕਰੀਂ ਤੂੰ ਬਿਆਨ ਨੀ। ਝੂਠ ਜੇ ਤੂੰ ਬੋਲੇਂ ਪ੍ਰਮਾਤਮਾ ਦੀ ਦੇਣ ਦਾਰ ਸਚ ਵਾਲੀ ਬਾਤ ਦਸੀਂ ਜਾਣਕੇ ਈਮਾਨ ਨੀ। ਕਿਸਤ੍ਰਾਂ ਓਦੇ ਨਾਲ ਹੋਈ ਸੀ ਮਹਲਾਂ ਵਿਚ ਵਧ ਘਟ ਕੀਤੇ ਸੀ ਜੋ ਕਿਸ ਨੇ ਬਿਆਨ ਨੀ। ਤੇਰੇ ਮੇਂ ਕਸੂਰ ਹੈ ਕਿ ਪੂਰਨ ਮੇਂ ਬੇਲਾਸਿੰਘਾ ਸਚ ਜੇ ਤੂੰ ਦਸੇਂ ਰਬ ਹੋਊ ਮੇਹਰਵਾਨ ਨੀ॥੧੬੯॥ ਖਾਇਕੇ ਸੁਗੰਧ ਤੇ ਬੇਸ਼ਰਮ ਹੋਕੇ ਆਖਦੀ ਹੈ ਮੇਰੇ ਮੇਂ ਕਸੂਰ ਮੁਖੋਂ ਆਖਦੀ ਪੁਕਾਰਕੇ। ਰਖਿਆ ਧਰਮ ਓਨ ਮਾਤਾ ਮਾਤਾ ਬੋਲਦਾ ਸੀ ਮੇਰੀ ਜੋ ਅਕਲ ਗਈ ਓਸ ਵੇਲੇ ਹਾਰਕੇ। ਹਾਨ ਪੁਰਵਾਣ ਵੇਖ ਰੂਪ ਓਦਾ ਦੰਗ ਹੋਈ ਕਹੀ ਬਾਤ ਓਸਨੂੰ ਮੈਂ ਠੀਕ ਜੋ ਪੁਕਾਰਕੇ। ਜਿਤਨਾ ਕਸੂਰ ਮੇਰੇ ਵਿਚ ਸਾਰਾ ਬੇਲਾਸਿੰਘਾ ਤਾਂਵਦੀ ਹਾਂ ਪਛੋ ਮੈ ਤਾਂ ਪੂਰਨ ਨੂੰ ਮਾਰਕੇ॥੧੭੦॥ ਸੁਣਕੇ ਤਾਂ ਲੂਣਾ ਪਾਸੋਂ ਰਾਜਾ ਕੈਹਰਵਾਨ ਹੋਇਆ ਆਖਦਾ ਹੈ ਹੁਣੇ ਤੇਰੇ ਮਾਰਾਂ ਤਲ ਵਾਰ ਨੀ। ਐਤਨਾਂ ਕ੍ਰੋਧ ਮੈਨੂੰ ਚਾੜਿਆ ਸੀ ਓਸ ਵੇਲੇ ਝੂਠ ਸਚ ਜੋੜਕੇ ਸੁਣਾਵੇਂ ਵਾਰੋ ਵਾਰ ਨੀ। ਤੇਰੇ ਪਿਛੇ ਲਗ ਕੁਲ ਆਪਣੀ ਦਾ ਨਾਸ ਕੀਤਾ ਪੁਤ੍ਰ ਜੋ ਆਪਣਾ ਮੈਂ ਆਪੇ ਦਿਤਾ ਮਾਰ ਨੀ। ਪੂਰਨ ਸੁਣਾਵੇ ਰਾਜੇ ਤਾਈਂ ਹੁਣ ਬੇਲਾਸਿੰਘਾ ਦਿਲੋਂ ਗੁੱਜਾ ਮਾਰ ਲੂਣਾ ਸਚ ਹੈ ਪੁਕਾਰ ਨੀ ॥ ੧੭੧ ॥ ਆਖਦਾ ਹੈ ਪੂਰਨ ਨਾ ਵੱਸ ਰਾਜਾ ਏਸਦੇ ਹੈ ਐਸੀ ਤਕਦੀਰ ਓਦੇ ਨਾਲ ਹੋਈ ਜਾਣਕੇ। ਰਬ ਵਲੋਂ ਹੁੰਦੀ ਭਾਵੀ ਟਲੀ ਨਾ ਪਕੰਬਰਾਂ ਤੇ

---

ਹਰ ਪ੍ਰਕਾਰ ਦੀਆਂ ਪੁਸਤਕਾਂ ਕਿਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

ਹਸਨ ਹੁਸੈਨ ਮਾਰੇ ਜੰਗ ਵਿਚ ਠਾਣਕੇ। ਬੇਟੇ ਜਬਰਬ ਦੇ ਜੋ ਰਾਮ ਚੰਦ ਲਛਮਣ ਸੀ ਮਾਤਾ ਜੋ ਕੁਕੈਈ ਬਣਬਾਸ ਦਿਤਾ ਰਾਣਕੇ। ਰੋਣ ਤਾਈਂ ਮਾਰਿਆ ਸੀ ਰਾਮ ਚੰਦ ਬੇਲਾਸਿੰਘਾ ਭੇਤ ਜੋ ਦਮੋ ਦਰੀ ਨੇ ਘਰੋਂ ਦਿਤਾ ਆਣਕੇ॥੧੭੨॥ ਆਪਣਾ ਜੋ ਨਾਮ ਹਰ ਨਾਖਸ਼ ਜਪਾਇਆ ਜਗਨਰਸਿੰਘਰੂਪਧਾਰ ਓਸ ਤਾਈਂ ਮਾਰਿਆ। ਗਿਆ ਪ੍ਰਹਲਾਦ ਜੋਘੁਮਿਆਰਾਂ ਘਰਬੁਰੀ ਲੈਣਵੇਖ ਬਚੇਬਿਲੀ ਦੇ ਸੀ ਰਾਮ ਨੂੰ ਚਿਤਾਰਿਆ। ਤੱਤੇ ਥੰਮ ਤਾਏ ਪਿਤਾ ਮਾਰੇ ਪ੍ਰਹ ਲਾਦ ਤਾਈਂ ਕੀੜੀ ਰੂਪ ਧਾਰ ਪ੍ਰਹਲਾਦ ਨੂੰ ਵਿਚਾਰਿਆ। ਕ੍ਰਿਸ਼ਨ ਜੀ ਬਚਾਇਆ ਕੰਸ ਮਾਰਕੇ ਤੇ ਬੇਲਾਸਿੰਘਾ ਪਾਂਡਵਾਂ ਦੇ ਨਾਲ ਹੋਕੇ ਕੈਰਵਾਂ ਨੂੰ ਮਾਰਿਆ॥੧੭੩॥ ਸੁਣ ਗੱਲਾਂ ਨਾਥ ਜੀ ਤੋਂ ਰਾਜਾ ਥੋੜਾ ਨਰਮ ਹੋਇਆ ਹੱਥ ਜੋੜ ਬੇਨਤੀ ਕਰੇਂਦਾ ਬਾਰੰਬਾਰ ਜੀ। ਇਕ ਪੁਤ ਦਿਓ ਬਖਸ਼ਾਏ ਪ੍ਰਮਾਤਮਾ ਤੋਂ ਏਤ ਨੀ ਮੁਰਾਦ ਮੇਰੀ ਕਰੋ ਮੂਹੋਂ ਪਾਰ ਜੀ। ਬਾਰੰਬਾਰ ਲੂਣਾ ਹਥ ਜੋੜਦੀ ਹੈ ਨਾਥ ਅਗੇ ਤੇਰੇ ਚਰਨਾ ਉਤੋਂ ਜੋਗੀ ਜਾਵਾਂ ਬਲਿਹਾਰ ਜੀ। ਬਾਪ ਬੇਟਾ ਗਲਾਂ ਕਰਨ ਆਮੋ ਸਾਹਮੀ ਬੇਲਾ ਸਿੰਘਾ ਰਹੀ ਨਾ ਪਛਾਨ ਕਈ ਬੀਤੇ ਬਰਸ ਸਾਲ ਜੀ॥੧੭੪॥ ਓਸ ਵੇਲੇ ਪੂਰਨ ਜੋ ਨਾਥ ਨੇ ਧਿਆਨ ਕੀਤਾ ਨੇਤ੍ਰ ਜੋ ਆਪਣੇ ਹੈਂ ਟਿਲੇ ਨੂੰ ਲਗਾਂਵਦਾ। ਆਪਣੀ ਜੋ ਨਿਗ੍ਹਾ ਅਗੇ ਗੋਰਖ ਲਿਆਂਦਾ ਗੁਰੂ ਹਥ ਜੋੜ ਫੇਰ ਸਚੇ ਰੱਬ ਨੂੰ ਧਿਆਂਵਦਾ। ਆਖਦਾ ਹੈ ਜੋਗੀ ਰਾਜਾ ਤੇਰਾ ਪੁਤ੍ਰ ਹੋਊ ਜੋਧਾ ਨਾਮ ਜੋ ਰਸਾਲੂ ਰਿਖੀ ਨਾਥ ਫਰਮਾਂਵਦਾ । ਜਿਵੇਂ ਦੁਖੀ ਹੋਈ ਮਾਤਾ ਪੂਰਨ ਦੀ ਬੇਲਾ ਸਿੰਘਾ ਤਿਵੇਂ ਦੁਖੀ ਲੂਣਾ ਰਾਜਾ ਜੋਗੀ ਹੈ ਸੁਣਾਂਵਦਾ॥੧੭੫॥ ਪੁਛਦਾ ਹੈ ਪੂਰਨ ਜੋ ਇੱਛਰਾਂ ਹੈ ਮਾਤਾ ਤਾਈਂ ਕਿਸ ਗਲੋਂ ਨੈਣ ਤੇਰੇ ਦੁਖੀ ਮਾਤਾ ਹੋਏ ਸੀ। ਦਾਰੂ ਤੈਨੂੰ ਦੇਵਾਂ ਮੈਂ ਦਿਆਲ ਕਰਤਾਰ ਹੋਵੇ ਭਰਕੇ



Digitized by Panjab Digital Library | www.panjabdigilib.org

ਸਲਾਈ ਇਕ ਅੱਖ ਵਲ ਲੋਏ ਸੀ।ਆਖਦੀ ਹੈ ਇੱਛਰਾਂ ਜੋਤੇਰੇ ਜੇਹਾ ਪੁਤ ਮੇਰਾ ਬੋਲ ਤੇਰੇ ਜੇਹਾ ਦਿਤਾ ਬਾਪ ਮਰਵਾਏ ਸੀ। ਅਖੀਂ ਦਿਸੇ ਸੂਰਤੋਂ ਮੈਂ ਲੱਭ ਲਵਾਂ ਬੇਲਾ ਸਿੰਘਾ ਸੱਚ ਦਸੀਂ ਨਾਥਾ ਤੁਸੀ ਕਿਦੇਘਰ ਆਏ ਸੀ॥੧੭੬॥ ਆਖਦਾ ਹੈ ਪੂਰਨ ਤੂੰ ਭੁਲ ਨਹੀਂ ਮੂਲ ਮਾਤਾ ਇਕੇ ਜੋ ਬਨਾਸ ਦੇ ਅਨੇਕ ਬੰਦੇ ਹੋਂਵਦੇ।ਟਿੱਲਾ ਮੇਰਾ ਮੁਲਖ ਤੇ ਪੁਤ੍ਰ ਮੈਂ ਗੋਰਖ ਦਾ ਜੋਗ ਵਾਲੀ ਨੌਕਰੀ ਵਜੌਂਦੇ ਅਸੀਂ ਸੋਂਹਵਦੇ। ਹਿੰਦ ਦਾ ਮੁਲਖ ਤੇ ਓਜੈਨ ਵਿਚ ਰਾਜ ਧਾਨੀ ਬਿਕ੍ਰਮਾਂ ਦੀ ਕੁਲਵਿਚੋਂ ਅਸੀਂ ਹਾਂ ਸਦੋਂਵਦੇ । ਪੁਤ੍ਰ ਸਲਵਾਨ ਦਾ ਤੇ ਪੂਰਨ ਹੈ ਨਾਮ ਮੇਰਾ ਇੱਛਰਾਂ ਜੋ ਮਾਤਾ ਦੇ ਸੀ ਕੁਖੋਂ ਪੈਦਾ ਹੋਂਵਦੇ॥੧੭੭॥ ਸੁਣ ਗਲਾਂ ਪੂਰਨ ਤੋਂ ਮਾਤਾ ਖੁਸ਼ਹਾਲ ਹੋਈ ਅਖੀਆਂ ਜੋ ਓਸਦੀਆਂ ਖੁਲ ਗਈਆਂ ਚਾਨਣਾ। ਅਖੀਂ ਨਾਲ ਆਪ ਮਾਤਾ ਵੇਖਦੀ ਹੈ ਪੂਰਨ ਨੂੰ ਗਲ ਨਾਲ ਲਾਕੇ ਸਿਰ ਮੂੰਹ ਚੁਮ ਆਵਣਾ। ਵੇਖਕੇ ਕਲੇਜੇ ਠੰਢ ਪਈ ਤਦੋਂ ਇੱਛਰਾਂ ਦੇ ਐਸਾ ਦਿਨ ਆਇਆ ਰਾਣੀ ਖੁਸ਼ੀ ਵਾਲਾ ਜਾਨਣਾ। ਸਾਰਿਆਂ ਦੇ ਦਿਲ ਠੰਢ ਪਵੇ ਐਸੀ ਬੇਲਾਸਿੰਘਾ ਇੱਛਰਾਂ ਦਾ ਦਿਲ ਜੈਸਾ ਰਬ ਨੇ ਬਨਾਵਣਾ॥੧੭੮॥ ਰਾਜਾ ਸਲਵਾਨ ਸੁਣ ਪੂਰਨ ਨੂੰ ਗਲ ਲਾਵੇ ਸਿਰ ਮੂੰਹ ਚੁੰਮੇ ਦਿਲ ਖੁਸ਼ੀ ਵਿਚ ਆਂਵਦਾ। ਰੋਵੇ ਰਾਣੀ ਇੱਛਰਾਂ ਤੇ ਰਾਜੇ ਨੇ ਬੀ ਨੈਣ ਭਰੇ ਪੁਤ ਵਲ ਵੇਖ ਜ਼ਾਰ ਜ਼ਾਰ ਰੋਣ ਆਂਵਦਾ। ਧੰਨ ਭਾਗ ਸਾਡੇ ਪੁਤ ਮਿਲਿਆ ਅਸਾਂਡਾ ਅਜ ਦਿਲ ਵਿਚ ਰਾਜਾ ਪ੍ਰਮਾਤਮਾ ਧਿਆਂਵਦਾ। ਪੂਰਨ ਮਿਲਾਇਆ ਰਬ ਆਣਕੇ ਤੇ ਬੇਲਾਸਿੰਘਾ ਰਾਜਾ ਸਲਵਾਨ ਬਾਰੰਬਾਰ ਜਸ ਗਾਂਵਦਾ॥੧੭੯॥ ਇਛਰਾਂ ਜੋ ਮਾਤਾ ਤਾਈਂ ਦਿਤਾ ਦਾਰੂ ਪੂਰਨ ਨੇ ਅਖੀਂ ਵਿਚ ਪਾਵਣਾ ਜ਼ਰੂਰ ਤਿੰਨ ਵਾਰ ਜੀ। ਨਾਮ ਪ੍ਰਮਾਤਮਾ ਦਾ ਯਾਦ ਸਦਾ ਰਖਣਾ

---



Digitized by Panjab Digital Library | www.panjabdigilib.org

ਹੈ ਮੇਰੇ ਡੇਰੇ ਔਣਾ ਤਿੰਨ ਦਿਨ ਵਾਰੋ ਵਾਰ ਜੀ। ਕੋਈ ਰੋਜ ਰੈਹਣਾ ਹੈ ਤੁਸਾਡੇ ਕੋਲ ਅਜ ਕਲ ਓੜਕ ਨੂੰ ਉਠ ਜਾਣਾ ਗੁਰੂ ਦਰਬਾਰ ਜੀ। ਜੋਗੀਆਂ ਦੇ ਨਾਲ ਰਲ ਸੈਲ ਕਰੂੰ ਬੇਲਾਸਿੰਘਾ ਫੇਰ ਆਣ ਮਿਲੂੰ ਜਦੋਂ ਕਰਾਂ ਤਕਰਾਰ ਜੀ॥੧੯੦॥ ਇਛਰਾਂ ਤੋਂ ਮਾਤਾ ਕਹੇ ਨਹੀਂ ਜਾਵੀਂ ਪੂਰਨਾ ਤੂੰ ਤੇਰੇ ਆਏ ਮੇਰਾ ਪੁਤ ਦੁਖ ਸਾਰਾ ਜਾਂਵਦਾ। ਦੁਖ ਸਾਰਾ ਗਿਆ ਤੇ ਖੁਸ਼ਾਲੀ ਆਈ ਦਿਲ ਉਤੇ ਦਿਲ ਘਬਰਾਵੇ ਜਦੋਂ ਨਾਮ ਲਵੇਂ ਜਾਂਵਦਾ। ਜ਼ਿੰਦਗੀ ਬਤੀਤ ਹੋਊ ਮੇਰੀ ਤਦੋਂ ਚਲਾ ਜਾਵੀਂ ਅਗੋਂ ਗੱਲਾਂ ਨ ਸੁਣ ਦਿਲ ਘਬਰਾਂਵਦਾ। ਪੂਰਨ ਸੁਣਾਵੇ ਏਥੋਂ ਚਲੇ ਜਾਣਾ ਬੇਲਾ ਸਿੰਘਾ ਟਿਲੇ ਜਾਕੇ ਗੋਰਖ ਦੀ ਟੈਹਲ ਮੈਂ ਕੁਮਾਂਵਦਾ ॥੧੯੧॥ ਲੋੜ ਨਹੀਂ ਮੈਨੂੰ ਧੰਨ ਦੌਲਤ ਦੀ ਮੂਲ ਮਾਤਾ ਮੰਗਕੇ ਮੰਧੂਕੜੀ ਮੈਂ ਮਿਸੀ ਰੁਖੀ ਖਾਂਵਦਾ। ਮਸਤ ਫਕੀਰ ਹੈ ਮਲੰਗ ਅਸੀਂ ਜਗ ਵਿਚ ਗੋਰਖ ਜੋ ਗੁਰੂ ਵਾਲਾ ਹੁਕਮ ਮੈਂ ਬਜਾਂਵਦਾ। ਮਾਈ ਬਾਪ ਭੈਣ ਭਾਈ ਨਹੀਂ ਕੋਈ ਅੰਗ ਸਾਕ ਇਕ ਸਚੇ ਰਬ ਨੂੰ ਯਾਰ ਹੈ ਬਣਾਂਵਦਾ। ਦੁਨੀਆਂ ਦੇ ਭੈਣ ਭਾਈ ਅੰਗ ਸਾਕ ਬੇਲਾ ਸਿੰਘਾ ਕੂੜ ਦੀ ਨਿਆਈਂ ਬੇਦ ਬਰਮਾ ਸੁਣਾਂਵਦਾ॥੧੯੨॥ ਰਾਜਾ ਸਲਵਾਨ ਕਹੇ ਓਸ ਵੇਲੇ ਪੂਰਨ ਨੂੰ ਚਲ ਬੱਚਾ ਘਰ ਰਾਜ ਆਪਣਾ ਸੰਭਾਲ ਤੂੰ। ਅਸੀਂ ਬੁਢੇ ਹੋਏ ਤੁਸੀਂ ਰਾਜ ਕਰੋ ਖੁਸ਼ੀ ਨਾਲ ਰਾਜਧਾਨੀ ਸਾਰੀ ਨਾਲੇ ਤਖਤ ਸੰਭਾਲ ਤੂੰ। ਬਾਪ ਦੀ ਜੈਦਾਤ ਮੁਢੋਂ ਪੁਤ੍ਰ ਸੰਭਾਲਦੇ ਹੈਂ ਪੂਰਨਾ ਵਿਖਾਇਆ ਮੁਖ ਕਈ ਸਾਲੀਂ ਲਾਲ ਤੂੰ। ਰਾਜ ਵਾਲੀ ਫਾਂਸੀ ਗਲ ਪੌਣੀ ਨਹੀਂ ਬੇਲਾਸਿੰਘਾ ਪੂਰਨ ਸੁਣਾਵੇ ਬਾਪ ਤਾਈਂ ਸੁਣ ਹਾਲ ਤੂੰ॥ ੧੯੩॥ ਪੂਰਨ ਭਗਤ ਹਥ ਜੋੜ ਕਹੇ ਬਾਪ ਤਾਈਂ ਰਾਜ ਕਾਜ ਮੇਰੇ ਕੋਈ ਨਹੀਂ ਦਰ



Digitized by Panjab Digital Library | www.panjabdigilib.org

ਕਾਰ ਜੀ। ਤਖਤ ਦੇ ਉਤੇ ਫੇਰ ਬਹੂਗਾ ਭਰਾਓ ਸਾਡਾ ਨਾਮ ਜੋ ਰਸ਼ਾਲੂ ਲੋਕ ਕੈਹਣਗੇ ਪੁਕਾਰ ਜੀ। ਘਰ ਨਹੀਂ ਰਹੂ ਪਰ ਦੇਸ ਵਿਚ ਜਾਊ ਨਿਤ ਰਖੂ ਜਤ ਸਤ ਨਾਲੇ ਖੇਡੂਗਾ ਸ਼ਿਕਾਰ ਜੀ। ਭਰੂ ਤਕਲੀਫ ਓਦੀ ਮਾਈ ਵਾਂਗ ਇੱਛਰਾਂ ਦੇ ਦਿਤਾ ਹੈ ਸਰਾਪ ਬੇਲਾ ਸਿੰਘ ਨੇ ਪੁਕਾਰ ਜੀ॥ ੧੯੪॥ ਇੱਛਰਾਂ ਜੋ ਮਾਤਾ ਕਹੇ ਬਾਰੰਬਾਰ ਪੂਰਨਨੂੰ ਮੇਰਾ ਕਾਲਵੱਸ ਕਰ ਫੇਰ ਏਥੋਂ ਜਾਈਂ ਤੂੰ। ਜਿੰਨਾ ਚਿਰ ਜੀਵਾਂ ਮੇਰੀ ਅੱਖਾਂ ਅਗੇ ਰਹੀਂ ਬੱਚਾ ਨਹੀਂ ਸੱਚ ਵਾਲੇ ਮੈਨੂੰ ਕੌਲ ਜੋ ਸੁਣਾਈਂ ਤੂੰ। ਕਈ ਸਾਲਾਂ ਪਿਛੋਂ ਮੁਖ ਵੇਖਿਆ ਹੈ ਰੱਜਕੇ ਤਾਂ ਚਾਰ ਰੋਜ ਬੈਠ ਗੱਲਾਂ ਸਭ ਸਮਝਾਈਂ ਤੂੰ। ਰਬ ਨੇ ਮਿਲਾਪ ਕੀਤਾ ਜਗਵਿਚ ਬੇਲਾਸਿੰਘਾ ਦੁਖ ਸੁਖ ਕੱਟਕੇ ਜੋ ਰੱਬ ਨੇ ਮਿਲਾਈਂ ਤੂੰ॥੧੯੫॥ ਕਾਲ ਵੱਸ ਹੋਣ ਵੇਲੇ ਯਾਦ ਕਰੀਂ ਰਿਦੇ ਵਿਚ ਪੂਰਨ ਭਗਤ ਮਾਤਾ ਤਾਈਂ ਹੈ ਸੁਣਾਂਵਦਾ। ਓਸੇ ਵੇਲੇ ਆਊਂ ਤੇਰਾ ਅੰਤ ਸਮਾ ਜਾਣ ਕੇ ਤੇ ਆਪਣੀ ਜੋ ਹੱਥੀਂ ਤੇਰੀ ਚਿਖਾ ਮੈਂ ਚਿਣਾਂਵਦਾ।ਉਠਗਿਆ ਪੂਰਨ ਜੋ ਟੇਕ ਮੱਥਾ ਇਛਰਾਂ ਨੂੰ ਗੋਰਖ ਜੋ ਗੁਰੂ ਤਾਈਂ ਜਾਮਨ ਕਰਾਂਵਦਾ। ਗੋਰਖ ਨੂੰ ਮੱਥਾ ਟੇਕੇ ਟਿੱਲੇ ਜਾਕੇ ਬੇਲਾ ਸਿੰਘਾ ਹੋਰ ਸਾਰੇ ਜੋਗੀਆਂ ਦੀ ਪੈਰੀਂ ਹਥ ਲਾਂਵਦਾ॥ ੧੯੬॥ ਕੀਤੀ ਹੈ ਅਦੇਸ ਗੁਰੂ ਨਾਥ ਤਾਈਂ ਪੂਰਨ ਨੇ ਪੈਰੀਂਹਥ ਲਾਵੇ ਗੁਰੂਗੋਰਖ ਦੀ ਆਣਕੇ। ਸੁਖ ਸਾਂਦ ਪੁਛੀ ਗੁਰੂ ਨਾਥ ਨੇ ਪੇਮ ਨਾਲ ਪਾਸ ਬਠਲਾਇਆ ਤਦੋਂ ਗੋਰਖ ਨੂੰ ਜਾਣਕੇ। ਆਖਦਾ ਹੈ ਨਾਥ ਸੈਲ ਕੀਤਾ ਤੈਨੇ ਤੀਰਥਾਂ ਦਾ ਫੇਰ ਮੇਲਾ ਕੀਤਾ ਜਾਣੋ ਮਾਪਿਆਂ ਦਾ ਆਣਕੇ। ਸਚ ਸਚ ਪੂਰਨਾ ਤੂੰ ਦਸੀਂ ਸਾਨੂੰ ਬੇਲਾ ਸਿੰਘਾ ਝੂਠ ਨਹੀਂ ਬੋਲੀਂ ਕਦੀ ਮੇਰੇ ਪਾਸ ਆਣਕੇ ॥ ੧੯੭॥ ਆਖਦਾ ਹੈ ਪੂਰਨ ਭਗਤ ਗੁਰੂ ਨਾਥ ਤਾਈਂ ਹੁਕਮ ਤੁਸਾਡਾ ਮੈਂ ਤਾਂ ਸਿਰ

---



Digitized by Panjab Digital Library | www.panjabdigilib.org

ਪੁਰ ਵਾਰਿਆ। ਤੇਰੇ ਮੈਂ ਹੁਕਮ ਨਾਲ ਗਿਆ ਵਲ ਤੀਰਥਾਂ ਦੇ ਗੰਗਾ ਤੇ ਪਰਾਗਰਾਜ ਕਾਂਸ਼ੀ ਗਿਆ ਵਾਰਿਆ। ਬਦਰੀ ਨਵੈਣ ਜਗਨਨਾਥ ਆਦਿ ਸੈਲ ਕੀਏ ਅਮਰਨਾਥ ਗਿਆ ਤੇਰੇ ਬਚਨਾਂ ਨੇ ਤਾਰਿਆ। ਬਾਰਾਂ ਸਾਲ ਕੀਤਾ ਸੈਲ ਤੀਰਥਾਂ ਦਾ ਬੇਲਾਸਿੰਘਾ ਫੇਰ ਮਾਤਾ ਪਿਤਾ ਨੂੰ ਜੋ ਮੱਥਾ ਟੇਕ ਤਾਰਿਆ॥ ੧੮੮॥ ਪੂਰਨ ਭਗਤ ਪਾਸ ਗੁਰਾਂ ਦੇ ਜੋ ਰੈਹਣ ਲੱਗਾ ਆਜਜ਼ੀ ਅਧੀਨਗੀਸੇ ਟੈਹਲ ਕਮਾਂਵਦਾ। ਅੰਤਕਾਲ ਸਮਾ ਤਦੋਂ ਇਛਰਾਂ ਦਾ ਆਣ ਪੁੰਨਾ ਦਿਲ ਵਿਚ ਯਾਦ ਕਰੇ ਪੂਰਨਾ ਤੂੰ ਆਂਵਦਾ। ਤਾਹੀਂ ਮੇਰਾ ਕਾਲ ਵੱਸ ਹੋਊ ਤਦੋਂ ਪੂਰਨਾ ਵੇ ਜਾਣਵੇਲੇ ਮੇਰੇ ਨਾਲ ਬਦਨ ਕਮਾਂਵਦਾ। ਛੇਤੀ ਆਣ ਸਾਰ ਲਵੀਂ ਇੱਛਰਾਂ ਦੀ ਬੇਲਾ ਸਿੰਘ ਇਛਰਾਂ ਨੇ ਯਾਦ ਕੀਤਾ ਪੂਰਨ ਹੈ ਆਂਵਦਾ॥ ੧੮੯॥ ਟਿਲੇ ਵਿਚ ਪੂਰਨ ਨੂੰ ਸਾਰ ਹੋਈ ਇਛਰਾਂ ਦੀ ਅਜਮੈਨੂੰ ਯਾਦ ਕੀਤਾ ਮਾਤਾ ਨਾਲ ਪਿਆਰ ਦੇ। ਗੋਰਖ ਦੇ ਪਾਸ ਆਕੇ ਹੱਥ ਜੋੜ ਖੜਾ ਹੋਯਾ ਮੰਗਦਾ ਹੈ ਆਗਜ਼ਾ ਜੋ ਗੁਰੂ ਪਾਸੋਂ ਤਾਰਦੇ। ਅੱਜ ਮੇਰੀ ਮਾਤਾ ਨੇ ਹੈ ਯਾਦ ਕੀਤਾ ਮੇਰੇ ਤਾਈਂ ਅਜ ਮੈਨੂੰ ਛੇਤੀ ਨਾਲ ਸਜਾਲਕੋਟ ਵਾਰਦੇ। ਤੋਰ ਦੇ ਸਿਆਲਕੋਟ ਵਲ ਮੈਨੂੰ ਬੇਲਾ ਸਿੰਘਾ ਆਪ ਮੇਰੇ ਨਾਲ ਚਲੋ ਨਾਮੇ ਕਰਤਾਰ ਦੇ॥੧੯੦॥ ਆਪ ਗੁਰੂ ਗੋਰਖ ਜੋ ਨਾਲ ਗਿਆ ਪੂਰਨ ਦੇ ਸਿਆਲ ਕੋਟ ਸ਼ੈਹਰ ਡੇਰਾ ਬਾਗ ਵਿਚ ਲਾਇਆ ਹੈ। ਓਸ ਵੇਲੇ ਪੂਰਨ ਜੋ ਗਿਆ ਘਰ ਆਪਣੇ ਨੂੰ ਇਛਰਾਂ ਜੋ ਮਾਤਾ ਤਾਈਂ ਮੁਖੜਾ ਵਖਾਇਆ ਹੈ। ਪੂਰਨ ਨੂੰ ਦਿਤਾ ਹੈ ਪਿਆਰ ਮਾਤਾ ਇਛਰਾਂ ਨੇ ਪੂਰਨ ਨੇ ਮਾਤਾ ਦੇ ਜੋ ਪੈਰੀਂ ਹਥ ਲਾਇਆ ਹੈ। ਧੰਨ ਗੁਰੂ ਗੋਰਖ ਹੈ ਪੂਰਨ ਲਿਆਇਆ ਨਾਲ ਇਛਰਾਂ ਜੋ ਮਾਤਾ ਬੇਲਾ ਸਿੰਘ ਮੁਖੋਂ ਗਾਇਆ ਹੈ॥ ੧੯੧॥ ਸ੍ਰੀ ਰਾਮ ਬੋਲਕੇ ਤਾਂ



Digitized by Panjab Digital Library | www.panjabdigilib.org

ਇਡਰਾਂ ਸਵਾਸ ਦੀਏ ਅੰਤਕਾਲ ਸਮੇਂ ਮੇਲਾ ਪੂਰਨ ਦਾ ਹੋਇਆ ਜੀ। ਪੂਰਨ ਤੇ ਗੋਰਖ ਨੇ ਕੀਤਾ ਸਸਕਾਰ ਹਥੀਂ ਹੋਰ ਸ਼ੈਹਰ ਸਾਰਾ ਹਥ ਬੰਨਕੇ ਖਲੋਇਆ ਜੀ। ਕਰਮ ਕ੍ਰਿਆ ਕੀਤੀ ਫੁਲ ਗੰਗਾ ਪਾਏ ਪੂਰਨ ਨੇ ਓਸ ਵੇਲੇ ਗੋਰਖ ਸਮਾਧੀ ਮੇਂ ਖਲੋਇਆ ਜੀ। ਮਾਤਾ ਜੀ ਸੁਵਰਗ ਵਿਚ ਪਹੁੰਚ ਗਈ ਹੈ ਬੇਲਾ ਸਿੰਘਾ ਟਿਲੇ ਵਲ ਪੂਰਨ ਦਾ ਮੁਖ ਤਦੋਂ ਹੋਇਆ ਜੀ॥੧੯੨॥ ਪੂਰਨ ਤੇ ਗੋਰਖ ਜੋ ਦੋਵੇਂ ਟਿਲੇ ਪਹੁੰਚ ਗਏ ਜੋਗੀ ਅਗੋਂ ਉਠਕੇ ਅਦੇਸ ਹੈ ਗਜਾਉਂਦੇ। ਕੋਈ ਰੋਜ ਟਿਲੇ ਵਿਚ ਰਹੇ ਹੈਂ ਪ੍ਰੇਮ ਨਾਲ ਮਾਤ ਲੋਕ ਵਿਚੋਂ ਚਿਤ ਆਪਣਾ ਉਠਾਉਂਦੇ। ਮਾਤ ਲੋਕ ਵਿਚੋਂ ਕੂਚ ਕੀਤਾ ਤਦੋਂ ਗੋਰਖ ਨੇ ਚੜ੍ਹਕੇ ਅਕਾਸ਼ ਸਿੱਧ ਮੰਡਲੀ ਮੇਂ ਜਾਉਂਦੇ। ਸਿੱਧਾਂ ਵਿਚ ਦਾਖਲ ਤਮਾਮ ਜੋਗੀ ਬੇਲਾ ਸਿੰਘਾ ਪੂਰਨ ਦਾ ਨਵਾਂ ਕਿਸਾ ਦੋਸਤੋ ਮੁਕਾਉਂਦੇ॥੧੯੩॥

## ਹਾਲ ਬਿਆਨ
## ਨਾਮ ਪਤਾ ਦੋਸਤਾਂ ਦਾ ਵਾ ਕਵੀ ਦਾ

॥ ਕਬਿੱਤ ॥

ਦੋਸਤ ਪਿਆਰਿਆਂ ਦਾ ਹਾਲ ਮੈਂ ਸੁਣਾਂਵਦਾ ਹਾਂ ਜਿਤਨੇ ਪਿਆਰੇ ਯਾਰ ਦਿਲ ਦੇ ਸੁਣਾਂਵਦਾ। ਜਿਲਾ ਤੇ ਤੈਹਸੀਲ ਨਾਲੇ ਨਗਰਾਂ ਸਮੇਤ ਲਿਖੂੰ ਜਿਸ ਜਿਸ ਕਾਮ ਵਿਚ ਬਸਰੇ ਮੇਂ ਆਂਵਦਾ। ਸੰਨ ਉਨੀ ਸੈਂਕੜੇ ਅਠਾਰਾਂ ਤੁਸੀ ਜਾਣ ਲੈਣਾ ਬਸਰੇ ਦੇ ਵਿਚ ਏਹੋ ਕਿਸਾ ਮੈਂ ਬਣਾਂਵਦਾ। ਮੁਢੋਂ ਲਾਕੇ ਪੂਰਨ ਦਾ ਹਾਲ ਮੇਰੇ



Digitized by Panjab Digital Library | www.panjabdigilib.org

ਯਾਦ ਸੀਗਾ ਬੇਲਾਸਿੰਘਾ ਅਗੇ ਪਤਾ ਆਪਣਾ ਬਤਾਂਵਦਾ॥੧੯੪॥ ਪਤਿੜ ਕਲਾਂ ਮੇਰਾ ਪਿੰਡ ਤੁਸੀ ਜਾਣ ਲੈਣਾ ਆਦੀ ਘਰ ਜਾਣੋ ਜਿਥੇ ਬਾਪ ਦਾਦਾ ਵਸਦਾ। ਜਾਤ ਜਿਮੀਦਾਰ ਤੁਸੀਂ ਜੱਟ ਸਿਖ ਜਾਣ ਲੈਣੇ ਪਤਿੜ ਹੈ ਤੂਰ ਗੋਤ ਆਪਣਾ ਮੈਂ ਦਸਦਾ। ਜਿਲਾ ਤੇ ਤੈਹਸੀਲ ਸਾਨੂੰ ਲਗਦਾ ਜਲੰਧਰ ਦਾ ਠਾਣਾ ਡਾਕਖਾਨਾ ਕਰਤਾਰਪੁਰ ਦਸਦਾ! ਉਮਰ ਚਾਲੀ ਸਾਲ ਦੀ ਸੁਣਾਂਵਦਾ ਹੈ ਬੇਲਾਸਿੰਘ ਛੋਟੀ ਵਸਥਾ ਲਾਕੇ ਕਮਰ ਨੌਕਰੀ ਦੀ ਕਸਦਾ ॥੧੯੫॥ ਕਵੀਆਂ ਦੇ ਅਗੇ ਮੇਰੀ ਬੇਨਤੀ ਹੈ ਬਾਰੰਬਾਰ ਭੁਲ ਚੁਕ ਗਲਤੀ ਨੂੰ ਸਮਝ ਬਨਾਣਾ ਜੀ। ਵਿੱਦਿਆ ਹਮਾਰੇ ਕੋ ਇਲਮ ਘਣਾ ਗੁਰਮੁਖੀ ਦਾ ਹੋਰ ਅੰਗ੍ਰੇਜੀ ਰੋਮਨ ਚੰਗੀਤ੍ਰਾਂ ਜਾਣਾ ਜੀ। ਨਾਮਾ ਸਿਰਨਾਮਾ ਚਿਠੀ ਮਨੀਆਡਰ ਲਿਖ ਸਕਾਂ ਬੋਲੀ ਅੰਗ੍ਰੇਜੀ ਦੇ ਮੈਂ ਥੋੜੇ ਲਫਜ਼ ਜਾਣਾ ਜੀ। ਜਿਲਾ ਤੇ ਤੈਹ ਸੀਲ ਤੁਸੀ ਜਾਣ ਲਓ ਜਲੰਧਰ ਦੀ ਪਤਿੜ ਹੈ ਪਿੰਡ ਕਰ ਤਾਰਪੁਰ ਠਾਣਾ ਜੀ॥੧੯੬॥ ਅਬ ਮੇਰਾ ਨੌਕਰੀ ਦਾ ਮਾਂਬਲ ਸਦਾਂਵਦਾ ਹੈ ਪੀ. ਸੀ. ਐਂਡ. ਸੀ. ਦਾ ਜੋ ਮੈਹਕਮਾ ਤਮਾਮ ਹੈ। ਮਾਰਗਿਲ ਬਸਰਾ ਮੇਸੋ ਜੋ ਪੁਟਾਮੀਆਂ ਮੇਂ ਬੈਲਰ ਜੋ ਮੇਕਰ ਤੇ ਬੇਲਾ ਸਿੰਘ ਨਾਮ ਹੈ ਬਾਈ ਸੌ ਬਿਆਸੀ ਮੇਰਾ ਨੰਬਰ ਪਛਾਨ ਲੈਣਾ ਕਵੀਆਂ ਦੇ ਅਗੇ ਹਥ ਜੋੜ ਪ੍ਰਨਾਮ ਹੈ। ਪੜਿਆ ਨਾ ਪਿੰਗਲ ਕਵੀਸ਼ਰੀ ਦੀ ਸਾਰ ਨਹੀਂ ਬਖਸ਼ ਦੇਣੀ ਭੁਲ ਚੁਕ ਬੇਲਾ ਸਿੰਘ ਨਾਮ ਹੈ ॥੧੯੭॥ ਰਲਾ ਸਿੰਘ ਨਾਮ ਪਿੰਡ ਸਿੰਘਾ ਵਾਲਾ ਜਾਣ ਲੈਣਾ ਮੋਗੇ ਦੀ ਤੈਹਸੀਲ ਕਾਗਪਿੰਟਰ ਸਦਾਂਵਦਾ। ਜਿਲਾ ਹੈ ਫਿਰੋਜਪੁਰ ਮਾਲਵਾ ਹੀ ਦੇਸ ਜਾਣੋ ਰਲਾਸਿੰਘ ਦੋਸਤ ਦਾ ਪਤਾ ਮੈਂ ਬਤਾਂਵਦਾ। ਤਾਰਾ ਸਿੰਘ ਭਾਈ ਜੋ ਲੁਹਾਰ ਤੁਸੀ ਜਾਣ ਲੈਣਾ ਬੈਲਰ ਜੋ ਮੇਕਰ ਤੇ ਦੋਸਤ ਬਤਾਂਵਦਾ। ਗੁਜਰਾਂ ਜੋ



Digitized by Panjab Digital Library | www.panjabdigilib.org

ਵਾਲੇ ਜਿਲੇ ਚਕ ਨੰਬੂ ਬਾਰਾਂ ਦਾ ਹੈ ਖਾਨਗਾਹ ਡੋਗਰਾਂ ਦੇ ਪਾਸ ਦਾ ਬਤਾਂਵਦਾ। ਪਿੰਡ ਹੈ ਗੋਬਿੰਦ ਗੜ੍ਹ ਭਾਈ ਦਾ ਜੋ ਬੇਲਾਸਿੰਘਾ ਬਾਰ ਦਾ ਅਲਾਕਾ ਤੁਝੇ ਦੋਸਤੋ ਸੁਣਾਂਵਦਾ॥੧੯੮॥ ਝੰਡਾਸਿੰਘ ਭਾਈ ਜੋ ਸਰਾਂਦਾ ਹੈ ਮੈਹਰਾ ਸਿੰਘ ਉਠਕੇ ਸਵੇਰੇ ਬਾਣੀ ਪੜ੍ਹਦਾ ਜ਼ਰੂਰ ਜੀ। ਅੰਮਰਤਸਰ ਜਿਲਾ ਲਗਦਾ ਹੈ ਦੋਸਤੋ ਓਇ ਥਾਨਾ ਤੇ ਤੈਹਸੀਲ ਅਜਨਾਲੇ ਦੀ ਜਰੂਰ ਜੀ। ਸਾਧੂ ਸਿੰਘ ਜਾਣੋ ਤ੍ਰਖਾਣ ਖਾਸ ਔੜਦਾ ਹੈ ਠਾਣਾ ਡਾਕਖ਼ਾਨਾ ਓਨੂੰ ਰਾਹੋਂ ਦਾ ਜ਼ਰੂਰ ਜੀ। ਜਿਲਾ ਜੋ ਜਲੰਧਰ ਦਾ ਲਗੇ ਓਨੂੰ ਖੇਲਾ ਸਿੰਘਾ ਲਗਦੀ ਤੈਹਸੀਲ ਨਵਾਂ ਸ਼ੈਹਰ ਮਸ਼ਹੂਰ ਜੀ ॥੧੯੯॥ ਹਰੀ ਸਿੰਘ ਫੀਟਰ ਜੋ ਬਲ ਹੈ ਸੁਚੰਦਰਾਂ ਦਾ ਡਾਕਖਾਨਾ ਓਸਦਾ ਜੋ ਰਾਜਾਸਾਂਸੀ ਦਸਦਾ। ਅੰਮਰਤਸਰ ਵਿਚ ਜਿਲਾ ਤੇ ਤੈਹਸੀਲ ਓਦੀ ਕੰਮ ਤ੍ਰਖਾਣਾ ਕਰੇ ਆਦੀ ਘਰ ਦਸਦਾ। ਲਛਮਣਸਿੰਘ ਜਾਣੋ ਜਿਲਾ ਲਗੇ ਗੁਰਦਾਸ ਪੁਰ ਠਾਣਾ ਤੇ ਤੈਹਸੀਲ ਜੋ ਵਟਾਲੇ ਵਿਚ ਦਸਦਾ। ਤਾਰਾ ਚਕ ਨਗਰ ਲੁਹਾਰਾਂ ਦਾ ਜੋ ਬੇਲਾਸਿੰਘਾ ਦੋਸਤ ਪਿਆਰੇ ਦਾ ਮਕਾਨ ਪਤਾ ਦਸਦਾ॥੨੦੦॥ ਇੰਦਰ ਸਿੰਘ ਬੈਲਰ ਮੇਕਰ ਜਟ ਜਿਮੀਦਾਰ ਜਾਣੋ ਰੰਘਵਾਂ ਹੈ ਪਿੰਡ ਫਗਵਾੜਾ ਠਾਣਾ ਲਗੇਦਾ। ਕਪੂਰਥਲਾ ਰਿਆਸਤ ਤੈਹਸੀਲ ਫਗਵਾੜਾ ਲਗੇ ਇੰਦਰ ਸਿੰਘ ਦੋਸਤ ਜੋ ਸ਼ੇਰ ਵਾਂਗੂੰ ਗਜਦਾ। ਕਰਤਾਰ ਸਿੰਘ ਜੱਟ ਜਾਣੋ ਢੇਪੁਰ ਦਾ ਜਲੰਧਰ ਹੈ ਜਿਲਾ ਠਾਣਾ ਆਦਮਪੁਰ ਲਗਦਾ। ਸੰਤਾਸਿੰਘ ਨੰਬ੍ਰਦਾਰ ਖਾਸ਼ ਜਾਣੋ ਪਤਿੜਾਂ ਦਾ ਬੇਲਾਸਿੰਘਾ ਜਿਲਾ ਜੋ ਜਲੰਧਰ ਹੈ ਲਗਦਾ॥੨੦੧॥ ਜਾਤ ਕੋਹਲੀ ਖਤ੍ਰੀ ਮਸ਼ੀਨ ਮੈਨ ਹੁਕਮ ਸਿੰਘ ਬਾਬੂ ਬੂੜ ਸਿੰਘ ਦਾ ਸਪੁਤ੍ਰ ਸੁਜਾਨ ਜੀ। ਸ਼ੈਹਰ ਰਾਵਲ ਪਿੰਡੀ ਦਰਵਾਜਾ ਜਾਣੋ ਸੈਦ ਪੁਰੀ ਪਾਸ ਹੈ ਤਲਾਓ ਮਾਈ ਵੀਰੋ ਦਾ ਜੋ ਮਾਨ ਜੀ। ਅਰਜਣ

---



Digitized by Panjab Digital Library | www.panjabdigilib.org

ਸਿੰਘ ਵੀਟਰ ਤ੍ਰਖਾਣ ਪਿੰਡ ਵਠਿਆਂ ਦਾ ਠਾਣਾ ਡਾਕਖਾਨਾ ਓਨੂੰ ਲਗਦਾ ਸੁਨਾਮ ਜੀ। ਰਿਆਸਤ ਪਟਿਆਲਾ ਓਨੂੰ ਲਗਦੀ ਹੈ ਬੇਲਾਸਿੰਘਾ ਟੇਸ਼ਨ ਜੋ ਨੇੜੇ ਸੰਗਰੂਰ ਦਾ ਤੂੰ ਮਾਨ ਜੀ॥੨੦੨॥ ਵੀਟਰ ਸੁਰੈਣਸਿੰਘ ਜਾਤ ਤ੍ਰਖਾਣ ਜਾਣੋ ਜਿਲਾ ਤੇ ਤੈਹਸੀਲ ਹੈ ਜਲਧਰ ਤਮਾਮ ਜੀ। ਨੰਗਲ ਹੈ ਛਾਮਾਂ ਪਿੰਡ ਛਾਉਣੀ ਜੋ ਜਲੰਧਰ ਪਾਸ ਡਾਕਖਾਨਾ ਲਗੇ ਪਿੰਡ ਲੱਧੇ ਵਾਲੀ ਨਾਮ ਜੀ।ਵਤੇਹ ਪੁਰ ਪਿੰਡ ਹੈ ਕੁਲਾਰਾਂ ਪਾਸ ਜਾਣ ਲੈਣਾ ਜਾਤ ਦਾ ਲੁਹਾਰਾ ਹਰਨਾਮਾ ਓਦਾ ਨਾਮ ਜੀ। ਜਿਲਾ ਹੈ ਜਲੰਧਰ ਨਕੋਦਰ ਤੈਹ ਸੀਲ ਜਾਣੋ ਬੇਲਾਸਿੰਘਾ ਦੋਸਤਾਂ ਦੇ ਲਿਖਦੇ ਤੂੰ ਨਾਮ ਜੀ॥੨੦੩॥ ਅਬਲਾਂ ਤੋਂ ਦੋਸਤ ਹਮਾਰਾ ਤੁਸੀ ਜਾਣ ਲੈਣਾ ਚੰਦਾਸਿੰਘ ਸੂਬੇ ਦਾਰ ਮੇਜਰ ਮੇਰੇ ਪਿੰਡਦਾ। ਛਾਉਣੀ ਜੋ ਜਲੰਧਰ ਰਹੇ ਪਲਟਨ ਇਕ ਵੰਜਾ ਸਿਖ ਬਹੁਤ ਹੁਸ਼ਿਆਰ ਦਰਿਆਓ ਜਿਵੇਂ ਸਿੰਧਦਾ। ਮੈਸੋ ਜੋ ਪੁਟਾਮੀਆਂ ਮੇ ਕੋਤਦਾ ਜੋ ਮੋਰਚਾ ਸੀ ਹੋਗਿਆ ਬਹਾ ਦਰ ਭਰੋਸਾ ਭਾਰੀ ਜਿੰਦਦਾ। ਪੱਠੀ ਤੀਸ ਵਾਲੀ ਜੋ ਬਰਾਦਰੀ ਹੈ ਬੇਲਾਸਿੰਘਾ ਅਜ ਕਲ ਦਰਜਾ ਲਫਟੈਂਟ ਚੰਦਾਸਿੰਘ ਦਾ ॥੨੦੪॥ ਜਿਤਨੇ ਕੁ ਬਸਰੇ ਦੇ ਵਿਚ ਸਾਡੇ ਪਿੰਡ ਦੇ ਹੈਂ ਦੋਸਤਾਂ ਕੇ ਲਿਖਕੇ ਮੈ ਨਾਮ ਹੈ ਸੁਣਾਂਵਦਾ। ਮੋਤਾਸਿੰਘ ਮਿਸਤ੍ਰੀ ਜੁਆਲਾ ਸਿੰਘ ਸੋਹਣਸਿੰਘ ਸ਼ੇਰਸਿੰਘ ਸਾਧੂਸਿੰਘ ਨਾਮ ਮੈਂ ਸੁਣਾਂਵਦਾ। ਸ਼ਾਮਸਿੰਘ ਪਾਲਸਿੰਘ ਰਾਮਸਿੰਘ ਬੂਟਾਸਿੰਘ ਹੋਰ ਤਾਰਾਸਿੰਘ ਜਿਮੀਦਾਰ ਮੈਂ ਬਤਾਂਵਦਾ।ਹੁਕਮਸਿੰਘ ਰਹੇ ਜੋ ਹਮਾਰੇ ਖਾਸ ਬੇਲਾ ਸਿੰਘਾ ਜੀਓਣ ਸਿੰਘ ਖਾਸ ਬਗਦਾਦ ਮੇਂ ਬਤਾਂਵਦਾ॥੨੦੫॥ ਪਤਿੜ ਕਲਾਂ ਦੇ ਜੋ ਏਤਨੇ ਜੁਆਨ ਏਥੇ ਮੌਲਾ ਹੈ ਜੁਲਾਹਾ ਹੰਮਰ ਮੈਨ ਤੁਸੀ ਜਾਣ ਲੋ। ਹੋਰ ਜੋ ਨੁਰਜੇ ਦਾ ਨਰੈਣ ਸਿੰਘ ਭਾਈ ਜਾਣੋ ਜਿਲਾ ਤੇ ਤੈਹਸੀਲ ਜੋ ਜਲੰਧਰ ਤੁਸੀ ਜਾਣ ਲੋ

---



Digitized by Panjab Digital Library | www.panjabdigilib.org

ਛੱਬੀ ਨੰਬ੍ਰ ਤੋਪਖਾਨਾ ਪਿੰਡ ਬਸਰਾਮਪੁਰ ਹੌਲਦਾਰ ਨਾਮ ਭਗ ਵਾਨ ਸਿੰਘ ਜਾਣ ਲੋ। ਜਿਲਾ ਹੈ ਜਲੰਧਰ ਤੈਹਸੀਲ ਤੁਸੀਂ ਖਾਸ ਜਾਣੋ ਠਾਣਾ ਡਾਕਖਾਨਾ ਕਰਤਾਰਪੁਰ ਜਾਣ ਲੋ। ਨਾਨਕ ਘੁਮਾਰ ਓਦੇ ਪਿੰਡਦਾ ਹੈ ਬੇਲਾਸਿੰਘਾ ਹੰਮਰ ਜੋ ਮੈਨ ਤਸੀ ਡਾਕੀਆਰ ਜਾਣ ਲੋ॥੨੦੬॥ ਮਿਸਤ੍ਰੀ ਮੁਹੰਮਦ ਦੀਨ ਖਾਸ ਜੋ ਲਾਹੌਰ ਦਾ ਹੈ ਅਕਬਰੀ ਦਰਵਾਜਾ ਤੇ ਖਜੂਰ ਗਲੀ ਦਸਦਾ। ਮੁਤਸਿਲ ਹਵੇਲੀ ਫਜਲਦੀਨ ਜੋ ਵਕੀਲ ਦੀ ਹੈ ਮਿਸ਼ਤ੍ਰੀ ਮੁਹੰ ਮਦ ਦੀਨ ਖਾਸ ਜਿਥੇ ਵਸਦਾ। ਬੈਲਰ ਮੇਕਰ ਮਿਸਤ੍ਰੀ ਹੁਸ਼ਿ ਆਰ ਸਾਰੇ ਕਾਰਖਾਨੇ ਵਿਚ ਨਹੀ ਗਿਣੇ ਫੋਰਮੈਨਾਂ ਤਾਂਈਂ ਹਸਦਾ। ਸਾਰੇ ਬੈਲਰ ਮੇਕਰਾਂ ਸੇ ਲਵੇ ਕੰਮ ਪ੍ਰੇਮ ਨਾਲ ਗਿਣਤ ਕਾਰ ਕੰਮ ਬੇਲਾਸਿੰਘਾ ਤਾਈਂ ਦਸਦਾ॥੨੦੭॥ ਹੋਰ ਸੈਹਬ ਲੋਕਾਂ ਦਾ ਜੋ ਨਾਮ ਮੈ ਬਤਾਂਵਦਾ ਹਾਂ ਜੇੜਾ ਜੇੜਾ ਕਾਰਖਾਨੇ ਅਫਸਰ ਸਦਾਂਵਦਾ। ਕਿੰਫਣ ਜੋ ਸੈਹਬ ਕਪਤਾਨ ਫੋਰਮੈਨ ਸਾਡਾ ਮੇਜਰ ਗਰੈਨ ਸੈਹਬ ਨਾਮ ਮੈ ਬਤਾਂਵਦਾ। ਰੁਕ ਸੈਹਬ ਫੂਲ ਕਰਨੈਲ ਜੋ ਤਲੂਮੇ ਰੈਂਹਦਾ ਮੰਨਸਫੀਲ ਬਰਨ ਦੋਵੇਂ ਛੋਟੇ ਮੈਂ ਬਤਾਂ ਵਦਾ। ਬੈਲਰ ਮੇਕਰ ਸਾਹਬ ਮਿਕਡੋਲਨ ਹੈ ਬੇਲਾਸਿੰਘਾ ਬੌਤ ਹੈ ਅਸੀਲ ਜੋ ਸੁਭਾਉ ਮੈਂ ਬਤਾਂਵਦਾ॥੨੦੮॥ ਪੀ. ਸੀ. ਐਂਡ. ਸੀ. ਦਾ ਜੋ ਮੈਹਕਮਾ ਸਦਾਂਵਦਾ ਹੈ ਮਾਰਗਿਲ ਬਸਰੇ ਮੇਂ ਯਹਾਂ ਮਸ਼ਾਹੂਰ ਹੈ। ਚਲਣ ਮਸ਼ੀਨਾਂ ਜੋ ਅਨੇਕ ਤੌਰ ਇੰਦਣਾਂ ਦੇ ਪੁਰਜੇ ਜਹਾਜਾਂ ਵਾਲੇ ਬਣਦੇ ਜਰੂਰ ਹੈ। ਚਕਨ ਕਰੈਂਨਾ ਭਾਰ ਸੱਤ ਅਠ ਟੰਨ ਯਾਰੋ ਸਾਗਵਾਨ ਲਕੜੀ ਅਟਾਲ ਭਰਪੂਰ ਹੈ । ਪਿੱਤਲ਼ ਤੇ ਤਾਂਬਾ ਲੋਹਾ ਢਲਦਾ ਹੈ ਬੇਲਾਸਿੰਘਾ ਦੇਗ ਭੱਠੀ ਚਲੇ ਦਿਨੇ ਰਾਤ ਜੋ ਜਰੂਰ ਹੈ॥੨੦੯॥ ਅਜ ਕਲ ਕਰੇ ਜੋ ਕਮਾਨ ਕਾਰਖਾਨੇ ਵਿਚ ਬਾਲਨਟੈਂਨ ਸਾਹਬ ਕਪਤਾਨ ਮੈ



Digitized by Panjab Digital Library | www.panjabdigilib.org

ਬਤਾਂਵਦਾ। ਰੁਕ ਸੇਹਬ ਵਾਲੀ ਜੇਰਗਾ ਰਹੇ ਜੋ ਸਟੋਕ ਸਾਹਬ ਸੂਰਮਾ ਜੁਆਨ ਕਿਤੇ ਅੰਗ ਨਾ ਸਮਾਂਵਦਾ। ਕਾਰਖਾਨੇ ਵਿਚ ਜੋ ਅਨੇਕ ਤੌਰ ਕੰਮ ਚਲੇ ਕਿਤਨੇ ਤਖਾਣ ਕਾਰਪਿੰਟਰ ਬਤਾਂਵਦਾ। ਬੀਸ ਪੱਚੀ ਬਾਬੂ ਰੈਹਣ ਦਫਤ੍ਰ ਮੇਂ ਬੇਲਾਸਿੰਘਾ ਸੈਂਕੜੇ ਰੁਪਏ ਯਾਰੋ ਤਲਬਾਂ ਬਤਾਂਵਦਾ॥੨੧੦॥ ਪੀ. ਸੀ. ਐਂਡ. ਸੀ. ਪੈਹਲਾ ਨਾਮ ਏਸ ਮੈਹਕਮੇ ਦਾ ਅਜ ਕਲ ਪੋਰਟ ਇੰਜਨੀਆਰ ਜਾਨਣਾ। ਅਰਨਸ ਕਿਲਾ ਸਾਥੋਂ ਲੈਂਹਦੀ ਜੋ ਤਰਫ ਜਾਣੋ ਚੜ੍ਹਦੇ ਦੇ ਵਿਚ ਤੁਸੀਂ ਬਾਜ ਡੀਪੂ ਮਾਨਣਾ। ਦੱਖਣ ਦੀ ਬਾਹੀ ਜੋ ਅਰਬੀਆਂ ਦਾ ਪਿੰਡ ਇਕ ਖਾਸ ਦਰਿਆਓ ਜੋ ਪਹਾੜ ਵਿਚ ਮਾਨਣਾ। ਕਾਰਖਾਨਾ ਕੰਢੇ ਦਰਿਆਓ ਦੇ ਹੈ ਬੇਲਾਸਿੰਘਾ ਦਜਲਾ ਜੋ ਨਾਮ ਦਰਿਆਓ ਦਾ ਹੈ ਜਾਨਣਾ॥੨੧੧॥ ਪੀ. ਸੀ. ਐਂਡ. ਸੀ. ਦੇ ਜੋ ਮੈਹਕਮੇ ਦਾ ਬੋਟ ਇਕ ਪੈਹਲਵਾਨ ਓਸਦਾ ਜੋ ਨਾਮ ਮੈਂ ਬਤਾਂਵਦਾ। ਪਾਨੀ ਵਿਚ ਚਲੇ ਫੇਰੀ ਕਰੇ ਦਰਿਆਓਂ ਵਿਚ ਮਾਲ ਜੋ ਜਹ ਜਾਂ ਵਿਚੋਂ ਭਾਰਾ ਹੈ ਕਢਾਂਵਦਾ। ਤੀਸ ਟੰਨ ਭਾਰ ਚੁਕ ਲਵੇ ਇਸਟੀਮ ਨਾਲ ਸੱਠ ਫੁਟ ਉਚਾ ਤਾਂਹਾਂ ਧਰਤ ਤੋਂ ਉਠਾਂਵਦਾ। ਇੱਕੀ ਸੌ ਜੋ ਮਣ ਚੁਕੇ ਭਾਰ ਕੱਚਾ ਬੇਲਾਸਿੰਘਾ ਅੱਠ ਸੈ ਤੇ ਚਾਲੀ ਮਣ ਪੱਕਾ ਮੈਂ ਬਤਾਂਵਦਾ॥੨੧੨॥ ਸੰਨ ਉਨੀ ਸੌ ਜੋ ਉਨੀ ਤੁਸੀਂ ਈਸਵੀ ਪਛਾਣ ਲੈਣਾ ਜੂਨ ਦਾ ਮਹੀਨਾ ਤੁਝੇ ਲਿਖਕੇ ਬਤਾਂਵਦਾ। ਉਨੀ ਸੌ ਛਿਹੱਤ੍ਰ ਜੋ ਸੰਮਤ ਹੈ ਬਿਕਰਮੀ ਦਾ ਹਾੜਦਾ ਮਹੀਨਾ ਪੱਖ ਦੂਸਰਾ ਬਤਾਂਵਦਾ। ਚਾਰ ਸੌ ਪੰਜਾਹ ਸੰਨ ਸ੍ਰੀ ਗੁਰੂ ਨਾਨਕ ਸ਼ਾਹੀ ਦੋ ਸੌ ਜੋ ਇਕੀ ਸੰਨ ਖਾਲਸਾ ਬਤਾਂਵਦਾ। ਹੋਗਿਆ ਸੰਪੂਰਨ ਤਮਾਮ ਕਿੱਸਾ ਬੇਲਾਸਿੰਘਾ ਹਥ ਜੋੜ ਬੰਦਗੀ ਮੈਂ ਸਭ ਕੋ ਬੁਲਾਂਵਦਾ॥ ੨੧੩ ॥

---

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ ਅੰਮ੍ਰਿਤਸਰ

Digitized by Panjab Digital Library | www.panjabdigilib.org

॥ ਦੋਹਰਾ ॥

ਕਿੱਸਾ ਪੂਰਾ ਹੋਗਿਆ ਜੈਸੀ ਆਈ ਬੁੱਧ।
ਗਲਤੀ ਮੈਨੂੰ ਬਖਸ਼ਣੀ ਕਰੋ ਕਵੀਸ਼ਰ ਸੁੱਧ॥ ੨੧੪ ॥

॥ ਕਬਿੱਤ ॥

ਪਿੰਡ ਹੈ ਭਵਾਨੀ ਪੁਰ ਜਾਤ ਦਾ ਲੁਹਾਰ ਜਾਣੋ ਅੱਛਰੂ ਹੈ ਰਾਮ ਬਸਰੇ ਫੀਟਰਾਂ ਮੇਂ ਦਸਦਾ। ਠਾਣਾ ਹੈ ਗੜਾਨਾ ਰਾਜ ਜਾਣ ਤੂੰ ਕਪੂਰਥਲਾ ਬੇਈਂ ਦੇ ਕਨਾਰੇ ਪਿੰਡ ਖੁਸ਼ੀ ਨਾਲ ਵਸਦਾ। ਸਾਰਿਆਂ ਜੋ ਦੋਸਤਾਂ ਨੇ ਕਿਹਾ ਮੈਨੂੰ ਬਾਰੰਬਾਰ ਨਵਾਂ ਕਿੱਸਾ ਪੂਰਨ ਦਾ ਤਦੋਂ ਜੋੜ ਦਸਦਾ। ਗੌਣ ਵਾਲੀ ਲੜੀ ਵਿਚੋਂ ਉਲਥਾ ਕੀਤਾ ਬੇਲਾ ਸਿੰਘਾ ਪੂਰਨ ਦਾ ਹਾਲ ਜਿਨਾਂ ਯਾਦ ਲਿਖ ਦਸਦਾ ॥ ੨੧੫ ॥

॥ ਦੋਹਰਾ ॥

ਦੋਸਤ ਦਿਲ ਦੇ ਦੋ ਜਣੇ ਮਸਿਆ ਜਾਂਦੇ ਸਾਜ।
ਬਾਬੂ ਰਾਮ ਬ੍ਰਾਹਮਣ ਤੇ ਭਗਤ ਸਿੰਘ ਹੈ ਰਾਜ॥ ੨੧੬ ॥

॥ ਇਤਿ ॥

---

ਹਰ ਪ੍ਰਕਾਰ ਦੀਆਂ ਪੁਸਤਕਾਂ ਕਿਸੇ ਕਹਾਨੀਆਂ ਮੰਗੌਣ ਦਾ ਪਤਾ—

Digitized by Panjab Digital Library | www.panjabdigilib.org

# ਇਹ ਪੁਸਤਕਾਂ ਘਰ ਵਿਚ ਜ਼ਰੂਰ ਰਖੋ

**ਬਲਵੰਤ ਕੌਰ**-ਇਸ ਪੁਸਤਕ ਵਿਚ ਪਤੀ ਸੇਵਾ ਪਤੀ ਪ੍ਰੇਮ ਤੇ ਬਲਵੰਤ ਕੌਰ ਦੀ ਬਹਾਦਰੀ ਦਾ ਵਰਨਨ ਹੈ ਮੁਲ॥) ਦੋਵੇਂ ਹਿੱਸੇ, ਤੀਜਾ ਹਿੱਸਾ ਮੁਲ ।॥)

**ਬਲਬੀਰ ਕੌਰ**-ਇਸ ਵਿਚ ਪਤੀਬ੍ਰਤ ਤੇ ਬਹਾਦਰੀ ਤੇ ਖਾਲਸੇ ਦੀ ਸ਼ੁਧੀ ਬੜੀ ਸਵਾਦਲੀ ਇਤਹਾਸਕ ਪੁਸਤਕ ਹੈ ਜੋ ਪੜ੍ਹਨ ਤੇ ਬੜਾ ਰਸ ਔਂਦਾ ਹੈ ਭੇਟਾ ।॥)

**ਪ੍ਰੇਮ ਜੋੜੀ**-ਇਸ ਪੁਸਤਕ ਵਿਚ ਇਸਤ੍ਰੀ ਪੁਰਸ਼ ਦਾ ਪ੍ਰੇਮ, ਦੇਸ਼ ਭਗਤੀ, ਪਤਿਬ੍ਰਤਾ ਧਰਮ, ਘਰਦੀ ਰੈਹਣੀ ਬੈਹਣੀ, ਦੇਸ ਸੇਵਾ, ਜਵਾਨੀ ਦੀਆਂ ਉਮੰਗਾਂ, ਪਤੀ ਦਾ ਵਿਛੋੜਾ ਆਦਿਕ ਸੁਚੇ ਤੇ ਸਚੇ ਲੇਖ ਹਨ ਭੇਟਾ ॥)

**ਚੰਦਨ ਲਤਾ**-ਇਸ ਪੁਸਤਕ ਵਿਚ ਡਾਕਟਰ ਸੇਵਾ ਸਿੰਘ ਗ੍ਰੇਵਰ ਨੇ ਕਿਸਮਤ ਦਾ ਫੋਟੋ ਤੇ ਇਕ ਨੀਚ ਜਾਤ ਤੋਂ ਉੱਤਮ ਪਦਵੀ ਦਾ ਢੰਗ ਤੇ ਸੰਸਾਰੀ ਦੁਖਾਂ ਦਾ ਫੋਟੋ ਖਿਚਕੇ ਦਸਿਆ ਹੈ ਭੇਟਾ॥)

ਮਸ਼ਹੂਰ ਲੇਖਕ ਡਾਕਟਰ ਸੇਵਾ ਸਿੰਘ ਗ੍ਰੇਵਰ ਦੀ ਤਯਾਰ ਕੀਤੀ ਹੋਈ ਹੈ।

**ਮਨ ਮੋਹਨ ਸੁੰਦ੍ਰੀ**-ਇਸ ਵਿਚ ਇਕ ਪੜ੍ਹੀ ਲਿਖੀ ਔਰਤ ਦਾ ਪਤੀ ਨਾਲ ਵਰਤਾਉ, ਰੂਪਦੀ ਕਦਰ ਤੇ ਦੁਨਿਆਵੀ ਝਗੜਿਆਂ ਦਾ ਸੀਨ ਦਿਲ ਖਿਚਵਾਂ ਲਿਖਿਆ ਹੈ ਭੇਟਾ ॥)

**ਜੀਵਨ ਬਲਾਸ**-ਜੀਵਨ ਨੂੰ ਸੁਧਾਰਨ ਵਾਲੇ ਨੀਤੀ ਦੇ ਉਪਦੇਸ਼ ਮਨੋਹਰ ਕਵਿਤਾ ਵਿਚ ਲਿਖੇ ਹਨ ਭੇਟਾ ।)

---



Digitized by Panjab Digital Library | www.panjabdigilib.org

**ਤੇਗਧਾਰੀ ਹੁਲਾਸ**-ਇਸ ਪੁਸਤਕ ਵਿਚ ਸਤਿਗੁਰ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਦਾ ਸੰਪੂਰਨ ਜੀਵਨ ਬ੍ਰਿਤਾਂਤ ਹੈ ਜੋ ਅਨੇਕਾਂ ਹੀ ਪ੍ਰਸੰਗ ਇਕੱਠੇ ਕਰਕੇ ਤਿਆਰ ਕੀਤਾ ਹੈ ਅਜੇਹੀ ਸੁੰਦਰ ਪੁਸਤਕ ਅਜ ਤਕ ਨਹੀਂ ਛਪੀ ਇਕ ਵਾਰ ਜ਼ਰੂਰ ਮੰਗਾਕੇ ਪੜ੍ਹੋ ਭੇਟਾ ਕੇਵਲ ੨॥)

**ਗ੍ਰਿਸ੍ਤ ਸਿੱਖਯਾ**-ਇਹ ਨਵੀਂ ਅਦੁਤੀ ਪੁਸਤਕ ਡਾਕਟਰ ਸੇਵਾ ਸਿੰਘ ਜੀ ਗ੍ਰੋਵਰ ਨੇ ਤਿਆਰ ਕੀਤੀ ਹੈ। ਇਸ ਵਿਚ ਗ੍ਰਿਸ੍ਤ ਦੇ ਦੁਖਾਂ ਦਾ ਫੋਟੋ ਖਿਚਕੇ ਦਸਿਆ ਹੈ ਤੇ ਉਨਾਂ ਦੇ ਉਪਾਓ ਦਸੇ ਹਨ। ਭੇਟਾ ੧।) ਇਸਤਰੀਆਂ ਪੁਰਸ਼ ਦੋਨਾਂ ਲਈ ਲਾਭ ਵੰਦ ਹੈ। ਗ੍ਰਹਸਤੀਆਂ ਲਈ ਬੜੀ ਲਾਭਵੰਦੀ ਹੈ।

**ਸ੍ਰੀ ਗੁਰ ਮੰਤਰ ਸਟੀਕ**-ਇਸ ਵਿਚ ਸਿਖਾਂ ਦੇ ਗੁਰ ਮੰਤਰ ਦਾ ਟੀਕਾ ਬੜੇ ਸੁਖੈਨ ਤਰੀਕੇ ਨਾਲ ਕੀਤਾ ਗਿਆ ਹੈ ਸੋ ਹਰ ਇਕ ਸਿਖ ਦਾ ਫਰਜ਼ ਹੈ ਜੋ ਇਸ ਅਕਾਲੀ ਬਾਣੀ ਤੋਂ ਵਾਕਫ ਹੋਵੇ ਭੇਟਾ ਕੇਵਲ ॥)

**ਇਸਤ੍ਰੀ ਚਕਿੱਤਸਾ**-ਇਹ ਪੁਸਤਕ ਡਾਕਟਰ ਸੇਵਾ ਸਿੰਘ ਜੀ ਗਰੋਵਰ ਨੇ ਨਾਵਲ ਦੇ ਢੰਗ ਤੇ ਤਿਆਰ ਕੀਤੀ ਹੈ, ਇਸ ਵਿਚ ਜ਼ਨਾਨੀਆਂ ਦੀਆਂ ਬੀਮਾਰੀਆਂ ਤੇ ਉਨ੍ਹਾਂ ਦੇ ਇਲਾਜ ਤੇ ਚੰਗੀ ਔਲਾਦ ਪੈਦਾ ਕਰਨ ਦੇ ਤਰੀਕੇ ਦਸੇ ਹਨ ਜੋ ਅਤੀ ਲਾਭਵੰਦ ਪੁਸਤਕ ਹੈ, ਭੇਟਾ ੧।)

ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਾਨ ਦਾ ਪਤਾ–

**ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1326

Digitized by Panjab Digital Library | www.panjabdigilib.org

Digitized by Panjab Digital Library | www.panjabdigilib.org